# ਸਮਤਾ

ਫਰਵਰੀ1981 (ਅੰਕ 9)

ਸਰਪ੍ਰਸਤ: ਗੁਰਸ਼ਰਨ ਸਿੰਘ (1929-2011)
ਸੰਪਾਦਕ: ਸੰਪਾਦਕੀ ਮੰਡਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸ਼ੈਲੇਸ਼ ਦੀ ਨਿੱਜੀ ਲਾਇਬ੍ਰੇਰੀ ਵਿਚੋਂ।

# ਸਮਤਾ

ਫਰਵਰੀ, 1981 9

ਮੁਲ ਦੋ ਰੁਪਏ



ਇਸ ਅੰਕ ਵਿਚ :

ਐਡੀਟਰੀ : ਕੌਮ ਤੇ ਖੁਸ਼ਾਮਦੀਆਂ ਅਤੇ ਝੋਲੀਚੁੱਕਾਂ ਦਾ ਵਾਧਾ—ਨੈਸ਼ਨਲ ਰੀਜਿਸਟੈਂਸ ਫ਼ਰੰਟ—ਸਮੇਂ ਦੀ ਲੋੜ

ਕਹਾਣੀ : ਤੋਹਫਾ—ਸੂਰਯ ਬਾਲਾ

ਕਵਿਤਾਵਾਂ : ਪਰਮਿੰਦਰਜੀਤ, ਅਜਮੇਰਗਿੱਲ, ਜਾਰਜ ਮੈਂਗਾਕਿਫ, ਰਜ਼ਾ ਬਰਹੇਲੀ, (ਅਨੁਵਾਦਤ, ਪਾਸ਼)

ਗੋਲਮੇਜ਼ : ਵਿਰਸੇ ਦੀ ਮਾਰਕਸਵਾਦੀ ਪਛਾਣ— ਸੁਰਜੀਤ ਹਾਂਸ

ਬਲੌਰ : ਦਵਾਈਆਂ ਦੀ ਸਨਅੱਤ ਵਿਚ ਬਹੁ-ਕੌਮੀ ਕੰਪਨੀਆਂ ਵੀ ਇਜ਼ਾਰੇਦਾਰੀ ਦੀ ਲੁੱਟ ਜੋ ਤੀਜੀ ਦੁਨੀਆਂ ਦੇ ਲੋਕਾਂ ਲਈ ਮੌਤ ਦੇ ਵਣਜਾਰੇ ਹਨ

ਕਹਾਣੀ ਬਿਨ ਸਿਰਲੇਖ : ਖੰਡ ਦੇ ਬਿਉਪਾਰੀਆਂ ਅਤੇ ਮਾਲਕਾਂ ਦੀ ਦਸ ਅਰਬ ਰੁਪਏ ਦੀ ਬਲੈਕ

ਇਹ ਹਮਾਰਾ ਜੀਵਣਾ : 1980 ਦੀ ਕਵਿਤਾ, ਰਾਜ ਭਵਨ ਵਿਚ ਅੱਗ, ਬੱਸ ਦੇ ਕਿਰਾਏ ਬਾਰੇ ਇਕ ਮਿੰਨੀ ਨਾਟਕ ਅਤੇ ਟਿਪਣੀਆਂ

ਪਾਠਕੀ : ਇਤਿਹਾਸ ਅਤੇ ਯਥਾਰਥ : ਸੇਖੋਂ ਦੇ ਲੇਖ ਦੇ ਸੰਦਰਭ ਵਿਚ ਸਮਤਾ ਦੇ ਮੈਟਰ ਬਾਰੇ ਵਿਚਾਰ ਅਤੇ ਮੁੱਠੀ ਵਿਚੋਂ ਕਿਰਦੇ ਵਿਸ਼ਵਾਸ਼ ਬਾਰੇ ਪਾਸ਼ ਦੀ ਚਿੱਠੀ

ਰੀਵੀਊ : ਟੀ. ਵੀ. ਫਿਲਮ 'ਅੱਧ ਚਾਨਣੀ ਰਾਤ'

ਐਡੀਟਰੀ —

# ਸਮੇਂ ਦੀ ਪੁਕਾਰ

ਇਤਿਹਾਸ ਦਸਦਾ ਹੈ ਕਿ ਮੁਗਲ ਸਲਤਨਤ ਦਾ ਜਦੋਂ ਪਤਨ ਆਇਆ ਤਾਂ ਬਹਾਦਰ ਸ਼ਾਹ ਰੰਗੀਲਾ ਦਾ ਰਾਜ ਸੀ। ਪਤਨ ਦੀਆਂ ਵੱਡੀਆਂ ਨਿਸ਼ਾਨੀਆਂ ਵਿਚੋਂ ਇਕ ਵੱਡੀ ਨਿਸ਼ਾਨੀ ਸੀ ਕਿ ਉਹਦਾ ਦਰਬਾਰ ਝੋਲੀ ਚੁੱਕਾਂ ਅਤੇ ਘਟੀਆ ਬੰਦਿਆਂ ਨਾਲ ਭਰ ਗਿਆ ਸੀ, ਜਿਹੜੇ ਹਰ ਵੇਲੇ ਬਾਦਸ਼ਾਹ ਦੇ ਕਸੀਦੇ ਗਾਉਂਦੇ ਰਹਿੰਦੇ ਸਨ। ਮੁਗਲ ਰਾਜ ਤਾਂ ਖਤਮ ਹੋ ਗਿਆ, ਪਰ ਕੌਮ ਨੂੰ ਉਸ ਰਾਜ ਦੀਆਂ ਨਾਲਾਇਕੀਆਂ ਦੀ ਕੀਮਤ ਇਕ ਲੰਮੀ ਗੁਲਾਮੀ ਦੀ ਸ਼ਕਲ ਵਿਚ ਦੇਣੀ ਪਈ। ਇਸੇ ਪ੍ਰਸੰਗ ਵਿਚ ਸਾਨੂੰ ਅੱਜ ਦੀ ਆਪਣੀ ਸਰਕਾਰ ਲੈਣੀ ਪਵੇਗੀ, ਜਿਸ ਨੂੰ ਬਿਨਾਂ ਕਿਸੇ ਸ਼ਕ ਦੇ ਇੰਦਰਾ ਗਾਂਧੀ ਦੀ ਸਰਕਾਰ ਹੀ ਕਹਿਣਾ ਬਣਦਾ ਹੈ। ਇਹ ਤਾਂ ਹੁਣ ਚਿੱਟੇ ਚਾਨਣ ਵਾਂਗ ਰੌਸ਼ਨ ਹੈ ਕਿ ਇਹ ਸਰਕਾਰ ਇਕ ਬਿਲਕੁਲ ਹੀ ਨਿਕੰਮੀ ਜਹੀ ਸਰਕਾਰ ਹੈ ਤੇ ਕਿਸੇ ਵੀ ਖੇਤਰ ਵਿਚ ਇਹਦੀ ਕੋਈ ਪ੍ਰਾਪਤੀ ਨਹੀਂ, ਭਾਵੇਂ ਇਹ ਆਰਥਕ ਖੇਤਰ ਹੈ, ਭਾਵੇਂ ਇਹ ਇੰਤਜ਼ਾਮੀਆਂ ਖੇਤਰ ਹੈ ਤੇ ਭਾਵੇਂ ਸਨਅਤੀ ਖੇਤਰ ਹੈ। ਪਰ ਸਾਰਿਆਂ ਨਾਲੋਂ ਵੱਡੀ ਹਾਨੀ ਜਿਹੜੀ ਇਹ ਹਕੂਮਤ ਕੌਮ ਨੂੰ ਪੁਚਾ ਰਹੀ ਹੈ, ਉਹ ਡਿਗਦੀਆਂ ਮਨੁੱਖੀ ਕੀਮਤਾਂ ਦੀ ਸ਼ਕਲ ਵਿਚ ਹੈ। ਝੋਲੀ ਚੁੱਕੀ, ਕਮੀਨਗੀ, ਘਟੀਆ-ਪਨ ਦੇਸ ਦੀ ਰੋਜ਼ਾਨਾ ਜ਼ਿੰਦਗੀ ਦੇ ਅੰਸ਼ ਬਣਦੇ ਜਾ ਰਹੇ ਹਨ। ਜਿਨ੍ਹਾਂ ਕੋਈ ਘਟੀਆ ਚਰਿਤ੍ਰ ਦਾ ਮਾਲਕ ਹੈ, ਉਹਨਾਂ ਹੀ ਉਹ ਮੱਕਾਰੀ ਨਾਲ ਉੱਚੀ ਪਦਵੀ ਤੇ ਬੈਠਾ ਹੈ। ਹਰਿਆਣਾ ਕਿਉਂਕਿ ਸਾਡੇ ਨੇੜੇ ਦਾ ਪ੍ਰਾਂਤ ਹੈ ਅਤੇ ਇਹਦੀਆਂ ਖਬਰਾਂ ਸਾਨੂੰ ਆਪਣੇ ਪ੍ਰਾਂਤ ਵਾਂਗ ਹੀ ਅਖਬਾਰਾਂ ਵਿਚ ਮਿਲਦੀਆਂ ਹਨ। ਇਹਨਾਂ ਖਬਰਾਂ ਦਾ ਸਰਸਰੀ ਸਰਵੇਖਣ ਹੀ ਦਸਦਾ ਹੈ ਕਿ ਇਸ ਪ੍ਰਾਂਤ ਦਾ ਮੁਖ ਮੰਤਰੀ ਮਨੁੱਖੀ ਕਦਰਾਂ ਦੇ ਲਿਹਾਜ਼ ਨਾਲ ਸ਼ਾਇਦ ਆਪਣੇ ਪ੍ਰਾਂਤ ਦਾ ਸਾਰਿਆਂ ਨਾਲੋਂ ਘਟੀਆ ਮਨੁੱਖ ਹੋਵੇਗਾ। ਝੋਲੀ ਚੁੱਕੀ ਦੀ ਦੌੜ ਵਿਚ ਸਾਡੇ ਮੁਖ ਮੰਤਰੀ ਨੂੰ ਹੀ ਕਹਿਣਾ ਪਿਆ ਕਿ ਮੈਂ ਜਾਂ ਤਾਂ ਰੱਬ ਕੋਲੋਂ ਡਰਦਾ ਹਾਂ ਜਾਂ ਇੰਦਰਾਜੀ ਕੋਲੋਂ, ਜਿਨ੍ਹਾਂ ਦੀ ਬਦੌਲਤ ਮੈਂ ਇਸ ਪਦਵੀ ਤੇ ਪੁਜਿਆ ਹਾਂ। ਸਾਡੇ ਮੁਖ ਮੰਤਰੀ ਨੂੰ ਇਹ ਕਿਉਂ ਕਹਿਣ ਦੀ ਲੋੜ ਪਈ ਜਦੋਂ ਕਿ ਹਰ ਕੋਈ ਜਾਣਦਾ ਹੈ ਕਿ ਉਹਦਾ ਆਪਣਾ ਵਧੀਆ ਬੇਦਾਗ਼ ਪੁਲੀਟੀਕਲ ਕੈਰੀਅਰ ਹੈ। ਇਹ ਲੋੜ ਇਸ ਲਈ ਪਈ ਕਿਉਂਕਿ ਝੋਲੀ ਚੁੱਕੀ ਹਕੂਮਤੀ ਪਾਰਟੀ ਦਾ ਕਰੈਕਟਰ ਦਾ ਇਕ ਹਿੱਸਾ ਬਣ ਗਿਆ ਹੈ। ਇਹ ਬੀਮਾਰੀ ਯੂਨੀਵਰਸਿਟੀਆਂ ਦੇ ਵਾਇਸ ਚਾਂਸਲਰਾਂ ਵਿਚ ਵੀ ਪੁਜ ਗਈ ਹੈ ਅਤੇ ਉਹਨਾਂ ਨੂੰ ਵੀ ਇਹ ਕਹਿਣਾ ਪੈਂਦਾ ਹੈ ਕਿ ਇੰਦਰਾ ਗਾਂਧੀ ਇਕ ਮਹਾਨ ਨੇਤਾ ਹੈ। ਆਪਣੇ ਪ੍ਰੋਫੈਸਰਾਂ ਕੋਲੋਂ ਉਹ ਫੇਰ ਉਮੀਦ ਕਰਦੇ ਹਨ ਕਿ ਉਹ ਆਖਣ ਵਾਈਸ ਚਾਂਸਲਰ ਹਿੰਦੁਸਤਾਨ ਦਾ ਸਾਰਿਆਂ ਨਾਲੋਂ ਵੱਡਾ ਵਿਦਿਅਕ ਮਾਹਰ ਹੈ।

ਇਹਨਾਂ ਹਾਲਤਾਂ ਵਿਚ ਫੇਰ ਦੇਸ਼ ਦਾ ਭਲਾ ਚਾਹੁਣ ਵਾਲਿਆਂ ਦਾ ਕੀ ਫਰਜ਼ ਬਣਦਾ ਹੈ? ਇਹਦਾ ਇਕ ਸੰਕੇਤ ਚੰਦਰ ਸ਼ੇਖਰ ਨੇ ਆਪਣੇ ਬਨਾਰਸ ਦੇ ਇਕ ਬਿਆਨ ਵਿਚ ਦਿਤਾ ਹੈ। ਸਾਡੇ ਸਿਆਸੀ ਸੋਚਵਾਨਾਂ ਵਿਚ ਚੰਦਰ ਸ਼ੇਖਰ ਦੀ ਇਕ ਖਾਸ ਪੁਜੀਸ਼ਨ ਹੈ। ਇਹ ਠੀਕ ਹੈ ਕਿ ਜਨਤਾ ਪਾਰਟੀ ਦੇ ਪਰਧਾਨ ਦੀ ਹੈਸੀਅਤ ਵਿਚ ਉਹ ਡੀਸਾਈ, ਚਰਨ ਸਿੰਘ, ਜਗਜੀਵਨ ਰਾਮ ਵਰਗੇ ਹੰਢੇ ਵਰਤੇ ਸਿਆਸਤਦਾਨਾਂ ਨੂੰ ਇਕੱਠੇ ਰਖਣ ਵਿਚ ਅਸਰਦਾਇਕ ਤਰੀਕੇ ਨਾਲ ਦਖਲ-ਅੰਦਾਜ਼ੀ ਨਹੀਂ ਕਰ ਸਕਿਆ ਸੀ ਅਤੇ ਇੰਦਰਾ ਗਾਂਧੀ ਦੀ ਐਮਰਜੈਂਸੀ ਦੇ ਪ੍ਰਤੀਕਰਮ ਵਿਚ ਜਿਹੜੀ ਭੀੜ ਇਕੱਠੀ ਹੋਈ ਸੀ, ਉਹਨੇ ਜਿਹੜੀ ਨਿਕੰਮੀ ਜਹੀ ਹਕੂਮਤ ਦੇਸ਼ ਨੂੰ ਦਿਤੀ ਸੀ, ਜਿਸ ਦੇ ਕਰਕੇ ਇੰਦਰਾ ਗਾਂਧੀ ਨੂੰ ਇਕ ਹੋਰ ਸਿਆਸੀ ਜ਼ਿੰਦਗੀ ਮਿਲ ਗਈ ਹੈ। ਪਰ ਫੇਰ ਵੀ ਚੰਦਰ ਸ਼ੇਖਰ ਦੀ ਹਰ ਇਕ ਕਹੀ ਗੱਲ ਵਜ਼ਨ ਰਖਦੀ ਹੈ ਉਸ ਨੇ ਕਿਹਾ ਹੈ ਕਿ ਸਾਡੀ ਲੋੜ ਇਸ ਵੇਲੇ ਇਹ ਨਹੀਂ ਹੈ ਕਿ ਰਾਸ਼ਟਰੀ ਪੱਧਰ ਤੇ ਇੰਦਰਾ ਗਾਂਧੀ ਸਰਕਾਰ ਦਾ ਕੋਈ ਬਦਲ ਲਭੀਏ ਸਗੋਂ ਲੋੜ ਇਹ ਹੈ ਕਿ ਇੰਦਰਾ ਗਾਂਧੀ ਵਲੋਂ ਕੀਤੇ ਜਮਹੂਰੀਅਤ ਉਤੇ ਹਮਲੇ ਵਿਰੁਧ ਲਾਮਬੰਦ ਕਰੇ। 'ਨੈਸ਼ਨਲ ਰੇਜ਼ਿਸਟੈਂਸ ਫੋਰਸ' ਉਹਨੇ ਉਹਦਾ ਨਾਂ ਦਿਤਾ ਹੈ।

ਲੋਕਾਂ ਕੋਲ ਜਦੋਂ ਇਹ ਗੱਲ ਲੈ ਕੇ ਜਾਈਏ ਕਿ ਇੰਦਰਾ ਗਾਂਧੀ ਕੁਝ ਨਹੀਂ ਹਕੂਮਤ ਚਲਾ ਰਹੀ ਤਾਂ ਉਹ ਜਵਾਬ ਦੇਂਦੇ ਹਨ ਕਿ ਹੋਰਨਾਂ ਕਿਹੜੀਆਂ ਪੂਰੀਆਂ ਪਾ ਲਈਆਂ ਸਨ। ਜੇਕਰ ਅਸੀਂ ਇਹ ਗੱਲ ਲੈ ਕੇ ਜਾਈਏ ਕਿ 'ਆਓ ਐਸੀ ਲਹਿਰ ਵਿਚ ਜੁੜ ਜਾਈਏ ਜਿਹੜੀ ਸਾਡੇ ਜਮਹੂਰੀ ਹੱਕਾਂ ਦੀ ਚੌਕੀਦਾਰੀ ਕਰੇ' ਤਾਂ ਉਹ ਸਾਡੀ ਗੱਲ ਸੁਣਨਗੇ। ਸਰਕਾਰ ਨਿਕੰਮੀ ਹੈ ਜਾਂ ਚੰਗੀ, ਇਸ ਗੱਲ ਦਾ ਫੈਸਲਾ ਤਾਂ ਹੁੰਦਾ ਹੀ ਰਹੇਗਾ, ਪਰ ਅਸੀਂ ਇਹ ਸਹਿਨ ਨਹੀਂ ਕਰਾਂਗੇ ਕਿ ਸਾਡੇ ਬੋਲਣ ਤੇ ਲਿਖਣ ਦੇ ਹੱਕ ਨੂੰ ਖਤਮ ਕੀਤਾ ਜਾਏ, ਬਗੈਰ ਮੁਕੱਦਮਿਆਂ ਜੇਲ੍ਹ ਵਿਚ ਸੁੱਟਿਆ ਜਾਏ, ਪੁਲੀਸ ਝੂਠੇ ਕੇਸ ਸਾਡੇ ਤੇ ਮੜ੍ਹੀ ਜਾਏ। ਕਿਸੇ ਮਜਿਸਟਰੇਟ ਅੱਗੇ ਸਾਨੂੰ ਪੇਸ਼ ਨਾ ਕੀਤਾ ਜਾਏ। ਫੜਿਆ ਅੰਮ੍ਰਿਤਸਰ ਜਾਏ ਅਤੇ ਝੂਠਾ ਕੇਸ ਝਬਾਲ ਵਿਚ ਬੱਸਾਂ ਨੂੰ ਅੱਗ ਲਗਾਉਣ ਦਾ ਪਾਇਆ ਜਾਏ।

ਚੰਦਰ ਸ਼ੇਖਰ ਦੀ ਇਹ ਤਜਵੀਜ਼ ਸਮੇਂ ਦੀ ਸਾਰਿਆਂ ਨਾਲੋਂ ਵੱਡੀ ਮੰਗ ਹੈ। ਇਹ ਸਾਡੇ ਲਈ ਜ਼ਿੰਦਗੀ ਮੌਤ ਦਾ ਸਵਾਲ ਬਣ ਗਿਆ ਹੈ। ਪੰਜਾਬ ਵਿਚ ਜਮਹੂਰੀ ਅਧਿਕਾਰ ਸਭਾ ਨੇ ਇਹ ਕੰਮ ਅਰੰਭਿਆ ਹੈ। ਰਾਸ਼ਟਰ ਪੱਧਰ ਤੇ ਪੀਪਲਜ਼ ਯੂਨੀਅਨ ਆਫ ਸਿਵਲ ਲਿਬਰਟੀਜ਼ ਨੇ ਇਹ ਕੰਮ ਅਰੰਭਿਆ ਹੈ। ਹੋਰ ਵੀ ਥਾਂਵਾਂ ਤੇ ਇਹ ਕੰਮ ਹੋ ਰਿਹਾ ਹੈ। ਲੋੜ ਹੈ ਕਿ ਇਹਨਾਂ ਲਈ ਕੰਮ ਕਰ ਰਹੀਆਂ ਸੰਸਥਾਵਾਂ ਸਾਰੀਆਂ ਇਕ ਥਾਂ ਇਕੱਠੀਆਂ ਹੋਣ ਤੇ ਆਪਣੇ ਕੰਮ ਦੇ ਦਾਇਰੇ ਨੂੰ ਹੋਰ ਵਿਸ਼ਾਲ ਕਰਨ। ਦੇਸ਼ ਦੇ ਭਵਿੱਖ ਦੀ ਖਾਤਿਰ ਇਹ ਸਭ ਤੋਂ ਵੱਡੀ ਸਮੇਂ ਦੀ ਲੋੜ ਹੈ।

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ।
ਛਪਾਈ ਪ੍ਰਭਜੋਤ ਪ੍ਰਿੰਟਿੰਗ ਪ੍ਰੈਸ, ਬਹਾਦਰ ਨਗਰ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਰਨਾਮਾ :
ਗੁਰੂ ਖ਼ਾਲਸਾ ਨਿਵਾਸ ਡਾਕਖ਼ਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ-14002
ਸੰਪਾਦਨ : ਸੰਪਾਦਕ ਮੰਡਲ
ਵਾਰਸ਼ਿਕ ਚੰਦਾ : 20 ਰੁਪਏ, ਵਿਦੇਸ਼ 60 ਰੁਪਏ

ਹਿੰਦੀ ਕਹਾਣੀ

# ਤੋਹਫ਼ਾ

o

ਸੂਰਯਬਾਲਾ

'ਮੰਮੀ —'

ਕੱਚ ਦੇ ਗਲਾਸਾਂ ਵਿਚ ਬਰਫ਼ ਪਾਉਂਦੀ ਹੋਈ ਸ਼ੋਭਾ ਨੇ ਅੱਖਾਂ ਚੁਕੀਆਂ ਤਾਂ ਬੱਲੂ ਫੇਰ ਖੜਾ ਸੀ — 'ਮੰਮੀ ? ਅੰਜੂ ਵੀ ਜਾ ਰਿਹਾ ਹੈ—' ਥਕਾਵਟ ਅਤੇ ਨਿਰਾਸ਼ਾ ਨਾਲ ਭਾਰੀ ਉਸ ਦੀ ਆਵਾਜ਼ ਹੁਣ ਰੋਣ ਵਰਗੀ ਹੋ ਗਈ ਸੀ।

'ਕਿਉਂ ? ਉਸ ਨੂੰ ਕਹੋ ਨਾ, ਥੋੜੀ ਦੇਰ ਹੋਰ ਰੁਕ ਜਾਵੇ।'

'ਨਹੀਂ — ਉਸ ਦਾ ਨੌਕਰ ਉਸ ਨੂੰ ਲੱਭਣ ਆਇਆ ਹੈ ।'

ਅੰਜੂ ਬੱਲੂ ਦਾ ਸਭ ਤੋਂ ਪਿਆਰਾ ਦੋਸਤ ਸੀ। ਕਈ ਮਹੀਨੇ ਪਹਿਲਾਂ ਤੋਂ ਬੱਲੂ ਉਸ ਨੂੰ ਆਪਣੇ ਜਨਮ ਦਿਨ ਦੀ ਤਾਰੀਖ਼ ਅਤੇ ਤਿਆਰੀਆਂ ਬਾਰੇ ਦੱਸਦਾ ਆ ਰਿਹਾ ਸੀ ਕਿ ਉਸ ਦੇ ਪਾਪਾ ਇਸ ਵਾਰ ਉਸ ਦੇ ਜਨਮ ਦਿਨ ਤੇ ਕਿੰਨੇ ਸਾਰੇ ਲੋਕਾਂ ਨੂੰ ਬੁਲਾ ਰਹੇ ਹਨ। ਕੇਕ ਮੰਮੀ ਦਾ ਬਣਾਇਆ ਹੋਇਆ ਨਹੀਂ, ਬਲਕਿ 'ਕ੍ਰੀਮ-ਕਿੰਗ' ਤੋਂ ਆਇਆ ਹੋਇਆ ਹੋਵੇਗਾ। ਸਭ ਤਰ੍ਹਾਂ ਦੇ ਡ੍ਰਿੰਕਸ – ਫੈਂਟਾ, ਔਰੇਂਜ਼, ਕੈਮਪਾ ਜਿੰਨੇ ਚਾਹੋ ਓਨੇ ਹੀ ਲਓ – ਖ਼ੂਬ ਬੜੇ ਬੜੇ — ਬੈਲੂਨ, ਰਿੰਬਨ, ਟਾਫ਼ੀਆਂ – ਕੇਕ ਕੱਟਿਆ ਜਾਵੇਗਾ ਤਾਂ ਉਹ ਸਾਰੇ ਬੜੇ ਬੜੇ ਗੁਬਾਰੇ ਆਪਣੇ ਦੋਸਤਾਂ ਨੂੰ ਵੰਡ ਦੇਵੇਗਾ — ਫਿਰ ਠਾਅ — ਠਾਅ ਪਾੜਨਗੇ ਗੁਬਾਰਿਆਂ ਨੂੰ — ਬਹੁਤ ਮਜ਼ਾ ਆਵੇਗਾ — ਪਾਪਾ ਮੰਮੀ ਝਿੜਕਣਗੇ ਥੋੜੋ ਹੀ, ਅਤੇ ਖ਼ੁਸ਼ ਹੋਣਗੇ — ਪਾਪਾ ਨੇ ਕਿਹਾ ਹੈ ਤੂੰ ਜਿੰਨੇ ਚਾਹੇਂ ਓਨੇ ਦੋਸਤਾਂ ਨੂੰ ਬੁਲਾ ਸਕਦਾ ਹੈਂ। ਕੇਕ ਕੱਟਣ ਲੱਗੇ ਸਾਰੇ ਦੋਸਤਾਂ ਨਾਲ ਫ਼ੋਟੋ ਹੋਵੇਗੀ। ਪਰ ਹੁਣ — 'ਮੰਮੀ, ਅੰਜੂ ਵੀ ਜਾ ਰਿਹਾ ਹੈ—' 'ਤਾਂ—ਸ਼ੋਭਾ ਫ਼ਿਕਰਵੰਦ ਹੋ ਗਈ। 'ਅੱਛਾ ਚਲ ਮੈਂ ਅੰਜੂ ਦੇ ਨੌਕਰ ਨਾਲ ਗੱਲ ਕਰਦੀ ਹਾਂ — ਕੀ ਕਹਿੰਦਾ ਹੈ ਉਹ —।' 'ਨਹੀਂ, ਆਂਟੀ ਨੇ ਮੈਨੂੰ ਵੀ ਕਿਹਾ ਸੀ ਕੱਲ ਕਿ ਅੰਜੂ ਨੂੰ ਛੇਤੀ ਭੇਜ ਦੇਣਾ ਅਤੇ ਹੁਣ ਤਾਂ ਅੱਠ ਵੱਜ ਰਹੇ ਹਨ।'

'ਹਾਂ' ਸ਼ੋਭਾ ਨੂੰ ਯਾਦ ਆਇਆ — ਅੰਜੂ ਦੀ ਮੰਮੀ ਨੇ ਉਸ ਨੂੰ ਵੀ ਸੁਨੇਹਾ ਭੇਜ ਦਿਤਾ ਸੀ ਕਿ ਅੰਜੂ ਜਾਵੇਗਾ ਜ਼ਰੂਰ ਬੱਲੂ ਦੇ ਜਨਮ ਦਿਨ ਤੇ, ਪਲੀਜ਼ ਉਸ ਨੂੰ ਛੇਤੀ ਭੇਜ ਦਿਤਾ ਜਾਵੇ — ਅੱਜਕਲ ਜ਼ਿਆਦਾ ਰਾਤ ਨੂੰ ਬੱਚੇ ਨੂੰ ਇਕੱਲਾ ਭੇਜਣ ਨਾਲ ਵੀ ਡਰ ਲੱਗਦਾ ਹੈ। ਉਸ ਨੇ ਬੱਲੂ ਨੂੰ ਕਿਹਾ — 'ਅੱਛਾ ਬੇਟੇ, ਇੰਜ ਕਰਦੇ ਹਾਂ — ਤੂੰ ਅੰਜੂ ਨੂੰ ਚੰਗੀ ਤਰ੍ਹਾਂ ਬਿਸਕੁਟ, ਬਰਫ਼ੀ, ਮਠਿਆਈਆਂ, ਖੁਆ ਦੇ। ਮੈਂ ਪਲੇਟ ਵਿਚ ਪਾ ਕੇ ਦਿੰਦੀ ਹਾਂ – ਸੁਣ ਤੂੰ ਵੀ ਖਾ ਲੈ, ਦੋਨੋਂ ਦੋਸਤ — ਮੈਂ ਡ੍ਰਿੰਕਸ ਵੀ ਦਿੰਦੀ ਹਾਂ — ਫਿਰ ਉਸ ਨੂੰ ਜਾਣ ਦੇ।'

'ਪਰ ਅੰਜੂ ਪੁਛ ਰਿਹਾ ਹੈ — ਤੂੰ ਕੇਕ ਕਦੋਂ ਕੱਟੇਂਗਾ – ਹੁਣ ਤਾਂ ਸਾਰੇ ਦੋਸਤ ਚਲੇ ਗਏ —'

ਬੱਲੂ ਦੀਆਂ ਅੱਖਾਂ ਪੂਰੀ ਤਰ੍ਹਾਂ ਭਮੰਤਰ ਗਈਆਂ – ਉਦਾਸ ਸ਼ੋਭਾ ਦੇ ਗਲੇ ਵਿਚ ਕੁਝ ਅਟਕਿਆ ਸੀ — ਪਰ ਕਿਸੇ ਤਰ੍ਹਾਂ ਸੰਭਲ ਕੇ ਬੋਲੀ ਸੀ। 'ਬਸ ਥੋੜੀ ਦੇਰ ਹੋਰ ਬੇਟੇ – ਚੱਢਾ ਅੰਕਲ ਨੂੰ ਵੀ ਆ ਜਾਣ ਦੇ —' ਉਸ ਨੇ ਬੱਚੇ ਦਾ ਮੱਥਾ ਚੁੰਮ ਕੇ ਹੌਸਲਾ ਦਿਤਾ।

'ਪਰ ਮੇਰੇ ਸਾਰੇ ਦੋਸਤ ਤਾਂ ਇਕ ਇਕ ਕਰਕੇ ਚਲੇ ਗਏ — ਸਾਰੇ ਪੁਛਦੇ ਸੀ ਤੂੰ ਕੇਕ ਕਿਉਂ ਨਹੀਂ ਕੱਟਦਾ — ਇਨੇ ਸਾਰੇ ਲੋਕ ਤਾਂ ਆ ਗਏ —' ਅਤੇ ਬੱਲੂ ਸੰਭਲਦਾ-ਸੰਭਲਦਾ ਵੀ ਰੋ ਪਿਆ। '—ਇਸ ਤਰ੍ਹਾਂ ਰੋਂਦੇ ਨੇ ਕੀ ਰਾਜਾ ਬੇਟੇ —' ਸ਼ੋਭਾ ਨੇ ਦੋਨਾਂ ਹੱਥਾਂ ਨਾਲ ਉਸ ਦਾ ਸਿਰ ਆਪਣੀਆਂ ਬਾਂਹਾਂ ਵਿਚ ਸਮੇਟ ਲਿਆ — 'ਦੇਖ, ਉਹਨਾਂ ਨੇ ਕਿਤੇ ਹੋਰ ਵੀ ਜਾਣਾ ਸੀ ਨਾ — ਇਸੇ ਕਰਕੇ ਦੇਰ ਹੋ ਰਹੀ ਹੈ — ਪਾਪਾ ਨੇ ਉਹਨਾਂ ਨੂੰ ਫ਼ੋਨ ਕੀਤਾ ਸੀ — ਉਹਨਾਂ ਨੇ ਕਿਹਾ ਹੈ ਬਸ ਥੋੜੇ ਚਿਰ 'ਚ ਆਉਂਦੇ ਹਾਂ। ਉਹਨਾਂ ਨੇ ਪਾਪਾ ਨੂੰ ਕਿਹਾ ਸੀ, ਜ਼ਰੂਰ — ਬੱਚੇ ਦੇ ਜਨਮ-ਦਿਨ ਤੇ ਜ਼ਰੂਰ ਆਊਂਗਾ — ਅਤੇ ਹੁਣ ਅਗਰ ਤੂੰ ਉਨ੍ਹਾਂ ਦੇ ਆ ਜਾਣ ਬਿਨਾ ਕੇਕ ਕੱਟ ਦੇਵੇਂਗਾ ਤਾਂ ਉਹ ਕੀ ਸੋਚਣਗੇ — ਉਹਨਾਂ ਨੂੰ ਬੁਰਾ ਲੱਗੇਗਾ ਨਾ —'

'ਮੇਰੇ ਦੋਸਤਾਂ ਨੂੰ ਵੀ ਕਿੰਨਾ ਬੁਰਾ ਲੱਗ ਰਿਹਾ ਸੀ — ਸਾਰੇ ਕਹਿ ਰਹੇ ਸੀ ਹੁਣ ਆਪਣੀ ਤੇਰੇ ਨਾਲ ਫ਼ੋਟੋ ਵੀ ਨਹੀਂ ਖਿੱਚੀ ਜਾਵੇਗੀ। — ਅਸੀਂ ਤਾਂ ਜਾ ਰਹੇ ਹਾਂ —'

'ਕੋਈ ਗੱਲ ਨਹੀਂ — ਤੂੰ ਚੱਢਾ ਅੰਕਲ ਨਾਲ ਫ਼ੋਟੋ ਖਿਚਾ ਲਵੀਂ, ਕੇਕ ਕੱਟਦੇ ਹੋਏ —'

'ਤਾਂ ਉਹ ਜਲਦੀ ਆ ਵੀ ਤਾਂ ਨਹੀਂ ਰਹੇ —' ਬੱਲੂ ਖਿਝ ਉਠਿਆ।

'ਆਉਣਗੇ — ਆਉਂਦੇ ਹੀ ਹੋਣਗੇ — ਕਿਹਾ ਨਾ, ਉਹਨਾਂ ਨੇ ਕਿਤੇ ਹੋਰ ਵੀ ਜਾਣਾ ਸੀ — ਜਾਣਦਾ ਹੈਂ ਉਹ ਕੰਪਨੀ ਦੇ ਸਭ ਤੋਂ ਵਡੇ ਅਫ਼ਸਰ ਹਨ — ਅਤੇ ਉਹਨਾਂ ਨੂੰ ਬੁਲਾਇਆ ਹੈ ਪਾਪਾ ਨੇ ਤੇਰੇ ਜਨਮ-ਦਿਨ ਤੇ।'

ਬੱਲੂ ਥੋੜੀ ਦੇਰ ਚੁਪ ਰਿਹਾ। ਫਿਰ ਬੋਲਿਆ —

'ਮੰਮੀ !'

'ਕੀ ਹੈ ਬੇਟੇ —।'

'ਤਾਂ ਮੈਂ ਵੀ ਅੰਜੂ ਦੇ ਨਾਲ — ਉਸ ਦੇ ਘਰ ਚਲਿਆ ਜਾਵਾਂ — ਜਦ ਚੱਢਾ ਅੰਕਲ ਆਉਣ ਤਾਂ ਤੁਸੀਂ ਮੈਨੂੰ ਬੁਲਾ ਲੈਣਾ —'

'ਤੂੰ ਕਿਹੋ ਜਿਹਾ ਬੁੱਧੂ ਏਂ — ਤੇਰੇ ਘਰ ਏਨੇ ਲੋਕ ਤੇਰੇ ਜਨਮ-ਦਿਨ ਤੇ ਆਏ ਨੇ ਅਤੇ ਤੂੰ ਅੰਜੂ ਦੇ ਘਰ ਜਾਣ ਦੀ ਗੱਲ ਕਰ ਰਿਹਾ ਏਂ —'

'ਫਿਰ ਮੈਂ ਕੀ ਕਰਾਂ — ਉਹ ਲੋਕ ਤਾਂ ਬਹੁਤ ਵੱਡੇ ਹਨ ਅਤੇ ਉਹਨਾਂ ਲੋਕਾਂ ਨੂੰ ਮੈਂ ਜਾਣਦਾ ਵੀ ਤਾਂ ਨਹੀਂ — ਇਕੱਲੇ ਮੇਰਾ ਮਨ ਨਹੀਂ ਲੱਗ ਰਿਹਾ।'

'ਅੱਛਾ ਤਾਂ ਤੂੰ ਜਾ ਕੇ ਆਪਣੇ ਕਮਰੇ ਵਿਚ ਆਪਣੇ ਖਿਡਾਉਣਿਆਂ ਨਾਲ ਖੇਲ — ਦੇਖ ਜਿੰਨੇ ਲੋਕ ਬਾਹਰ ਬੈਠੇ ਨੇ ਮੈਨੂੰ ਉਹਨਾਂ ਲੋਕਾਂ ਕੋਲ ਰਹਿਣਾ ਚਾਹੀਦਾ ਹੈ ਨ ! ਤੂੰ ਏਥੇ ਹੀ ਕਮਰੇ ਵਿਚ ਖੇਲ।

'ਅੱਛਾ —'

o

'ਸੁਣੋ !'

'ਕੀ ਹੈ !'

'ਪਤਾ ਹੈ ਕੀ ਸਮਾਂ ਹੋ ਰਿਹਾ ਹੈ ? ਕਦੋਂ ਆਉਣਗੇ ਤੁਹਾਡੇ ਚੱਢਾ ?'

'ਹੁਣ ਕੀ ਦੱਸਾਂ — ਬਾਰ ਬਾਰ ਫ਼ੋਨ ਕਰਨਾ ਵੀ ਚੰਗਾ ਨਹੀਂ ਲੱਗਦਾ। ਜੇ ਵਿਗੜ ਗਈ ਤਾਂ ਬੱਸ।'

'ਤਾਂ ਮੈਂ ਕੇਕ ਕੱਟਵਾ ਦਿੰਦੀ ਹਾਂ।'

'ਪਾਗ਼ਲ ਹੋ ਗਈ ਏ। ਕੀ ਸੋਚਣਗੇ ਉਹ —'

'ਪਰ ਇਹ ਸਾਰੇ ਲੋਕ ਜੋ ਕਈ ਘੰਟਿਆਂ ਤੋਂ ਬੈਠੇ ਹਨ ਕੀ ਸੋਚਦੇ ਹੋਣਗੇ। ਇਹ ਵੀ ਖ਼ਿਆਲ ਕੀਤਾ ਹੈ —'

'ਸੋਚਣ ਦਿਓ ਜੋ ਸੋਚਦੇ ਹਨ। ਅਸੀਂ ਕਰ ਵੀ ਕੀ ਸਕਦੇ ਹਾਂ।'

'ਅਤੇ ਜੋ ਸੋਚਣ ਤੋਂ ਬਾਦ ਵਾਰ ਵਾਰ ਜਾਣ ਦੀ ਜਲਦੀ ਮਚਾ ਰਹੇ ਹਨ —'

'ਤਾਂ ਜਾਣ ਦਿਓ ਉਹਨਾਂ ਨੂੰ —'

'ਵਾਹ — ਇਹ ਏਨਾ ਸੌਖਾ ਹੈ ਕੀ — ਕਿਸੇ ਨੂੰ ਬੁਲਾ ਕੇ ਘੰਟਿਆਂ ਬੱਧੀ ਰੋਕੀ ਰਖੋ — ਅਤੇ ਫਿਰ ਵੈਸੇ ਹੀ ਭੇਜ ਦਿਓ ਬਿਨਾ ਕੁਝ ਖੁਆਏ-ਪਿਆਏ।'

'ਤਾਂ ਖੁਆਓ ਉਹਨਾਂ ਨੂੰ ਜੋ ਖੁਆਉਣਾ ਚਾਹੁੰਦੇ ਹੋ – ਮੇਰਾ ਦਿਮਾਗ਼ ਕਿਉਂ ਚੱਟ ਰਹੀ ਏ —?'

'ਕਿਹੋ ਜੇਹੀ ਗੱਲ ਕਰ ਰਹੇ ਹੋ — ਸਭ ਦੀ ਆਪਣੀ ਇਜ਼ਤ ਹੁੰਦੀ ਹੈ, ਕੋਈ ਤੁਹਾਡੇ ਖਾਣ ਦਾ ਭੁੱਖਾ ਨਹੀਂ ਹੈ। ਜਾਂਦੇ ਜਾਂਦੇ ਕਹਿੰਦੇ ਜਾਣਗੇ — ਮਿਸਿਜ਼ ਚੰਦਰਾ ! ਸਮੇਂ ਸਿਰ ਬੁਲਾਉਣਾ ਸੀ।'

'ਟਾਈਮ ਕੀ ? ਮੈਂ ਜਾਣਦਾ ਸੀ ਕਿ—'

ਮਿਸਟਰ ਚੰਦਰਾ ਬੁਖਲਾ ਉਠਿਆ।

'ਤੁਹਾਨੂੰ ਕੌਣ ਕਹਿ ਰਿਹਾ ਹੈ — ਪਰ ਚੱਢਾ ਨੂੰ ਤਾਂ ਸਮਝ ਹੋਣੀ ਚਾਹੀਦੀ ਸੀ। ਐਨੀ ਵੱਡੀ ਫ਼ੈਕਟਰੀ ਦੇ ਔਨਰ ਅਤੇ ਟਾਈਮ ਤਕ ਦਾ ਸੈਂਸ ਨਹੀਂ।'

'ਹੌਲੀ ਬੋਲੋ...ਤੁਹਾਨੂੰ ਗੱਲ ਕਰਨ ਤਕ ਦਾ ਪਤਾ ਨਹੀਂ...ਕਿਤੇ ਕਿਸੇ ਦੇ ਕੰਨਾਂ ਤਕ...'

'ਬਈ ਬਾਹਰ ਜਾ ਕੇ ਦੇਖੋ ਲੋਕ ਸ਼ਰੇਆਮ ਕੀ ਕੀ ਕਹਿ ਰਹੇ ਹਨ— 'ਕਿਤੇ ਪੀ ਕੇ ਝੂੰਮਦੇ ਹੋਣਗੇ ਚੱਢਾ – ਹੋਸ਼ ਕਿਥੇ ਹੋਵੇਗਾ ਕਿ ਕਿਤੇ ਜਾਣਾ ਵੀ ਹੈ—' 'ਹੁਣੇ ਮਿਸਜ਼ ਗੁਲਾਟੀ ਕਹਿ ਰਹੀ ਸੀ —' 'ਮਿਸਜ਼ ਗੁਲਾਟੀ ਨਾਲ ਕਿਉਂ ਆਪਣਾ ਰਸਤਾ ਨਾਪੋ –' 'ਪਰ ਗੱਲ ਕੇਵਲ ਮਿਸਜ਼ ਗੁਲਾਟੀ ਤਕ ਹੀ ਨਹੀਂ — ਇਕ ਦੇ ਉਠਦੇ ਹੀ ਸਾਰੇ ਜਣੇ ਜਾਣਾ ਸ਼ੁਰੂ ਕਰ ਦੇਣਗੇ —'

'ਜਾਣਦੇ, ਆਈ ਡੋਂਮ ਕੇਅਰ ਫਾਰ ਐਨੀ ਬਾਡੀ —' ਪਰ ਕਹਿਣ ਦੇ ਨਾਲ ਹੀ ਉਸ ਨੂੰ ਖ਼ੁਦ ਵੀ ਹੋਸ਼ ਆ ਗਿਆ — ਕਹਿਣਾ ਸੌਖਾ ਹੈ ਪਰ ਕਿਤੇ ਸਚਮੁਚ ਹੀ ਸਾਰੇ ਦੇ ਸਾਰੇ ਮਹਿਮਾਨ ਚਲੇ ਗਏ ਤਾਂ ਚੱਢਾ ਦੇ ਆਉਣ ਤੇ ਕਿੰਨੀ ਸ਼ਰਮਿੰਦਗੀ ਵਾਲੀ ਗੱਲ ਹੋਵੇਗੀ। ਇਹ ਵੀ ਤਾਂ ਆਪਣੇ ਆਪ ਵਿਚ ਉਸ ਦੀ ਕਿੰਨੀ ਬੜੀ ਬੇਇਜ਼ਤੀ ਹੋਵੇਗੀ — ਕੀ ਸੋਚਣਗੇ ਉਹ ! ਨਹੀਂ, ਚੱਢਾ ਦੇ ਆਉਣ ਤਕ ਜਿਵੇਂ ਵੀ ਹੋਵੇ ਸਾਰਿਆਂ ਨੂੰ ਰੋਕ ਕੇ ਰਖਣਾ ਹੀ ਹੈ —

'ਫਿਰ —? ਫਿਰ ਕੀ ਕੀਤਾ ਜਾਵੇ —' ਉਹਨਾਂ ਨੇ ਹਾਰੀ ਥੱਕੀ ਆਵਾਜ਼ ਵਿਚ ਕਿਹਾ।

'ਮੈਂ ਕੀ ਦੱਸਾਂ — ਜਾਓ — ਜਾ ਕੇ ਫਿਰ ਤੋਂ ਕਿਸੇ ਤਰ੍ਹਾਂ ਫ਼ੋਨ ਤੇ ਗਿੜਗੜਾਓ। ਮੇਰਾ ਮਤਲਬ ਹੈ ਰਿਕਵੈਸਟ ਕਰੋ —'

'ਜਾਂਦਾ ਹਾਂ — ਉਹਨਾਂ ਨੇ ਪਰੇਸ਼ਾਨ ਅਵਾਜ਼ ਨਾਲ ਕਿਹਾ — ਫਿਰ ਪੁਛਿਆ 'ਬੱਲੂ ਕਿਥੇ ਹੈ —'

'ਬੈਡਰੂਮ ਵਿਚ ਖੇਡ ਰਿਹਾ ਹੈ — ਕਿੰਨੀ ਵਾਰ ਸਮਝਾਇਆ ਕੁਝ ਵੀ ਨਹੀਂ ਖਾ ਰਿਹਾ — ਕਹਿੰਦਾ ਹੈ, ਕੇਕ ਕੱਟ ਕੇ ਫੇਰ ਖਾਊਂਗਾ – ਦੁਪਹਿਰ ਪਿਛੋਂ ਕੁਝ ਨਹੀਂ ਖਾਧਾ — ਰੋਇਆ ਵੀ ਕਿੰਨਾ ਹੀ —'

'ਕਿਉਂ ?'

ਉਸ ਦੇ ਸਾਰੇ ਦੋਸਤ ਚਲੇ ਗਏ — ਇੰਤਜ਼ਾਰ ਕਰਦੇ ਕਰਦੇ, ਅੰਤ ਨੂੰ ਅੰਜੂ ਵੀ —

'ਓਹ — ਉਸ ਨੂੰ ਸਮਝਾ ਦਿਓ — ਜਾਂਦਾ ਹਾਂ ਕਿਸੇ ਤਰ੍ਹਾ ਰਾਹ ਤੋਂ ਹੀ ਫੋਨ ਕਰਦਾ ਹਾਂ —'

o

'ਮੰਮੀ !'

'ਕੀ ਹੈ ਬੇਟੇ —।'

'ਤਾਂ ਮੈਂ ਵੀ ਅੰਜੂ ਦੇ ਨਾਲ — ਉਸ ਦੇ ਘਰ ਚਲਿਆ ਜਾਵਾਂ — ਜਦ ਚੱਢਾ ਅੰਕਲ ਆਉਣ ਤਾਂ ਤੁਸੀਂ ਮੈਨੂੰ ਬੁਲਾ ਲੈਣਾ —'

'ਤੂੰ ਕਿਹੋ ਜਿਹਾ ਬੁੱਧੂ ਏਂ — ਤੇਰੇ ਘਰ ਏਨੇ ਲੋਕ ਤੇਰੇ ਜਨਮ-ਦਿਨ ਤੇ ਆਏ ਨੇ ਅਤੇ ਤੂੰ ਅੰਜੂ ਦੇ ਘਰ ਜਾਣ ਦੀ ਗੱਲ ਕਰ ਰਿਹਾ ਏਂ —'

'ਫਿਰ ਮੈਂ ਕੀ ਕਰਾਂ — ਉਹ ਲੋਕ ਤਾਂ ਬਹੁਤ ਵੱਡੇ ਹਨ ਅਤੇ ਉਹਨਾਂ ਲੋਕਾਂ ਨੂੰ ਮੈਂ ਜਾਣਦਾ ਵੀ ਤਾਂ ਨਹੀਂ — ਇਕੱਲੇ ਮੇਰਾ ਮਨ ਨਹੀਂ ਲੱਗ ਰਿਹਾ।'

'ਅੱਛਾ ਤਾਂ ਤੂੰ ਜਾ ਕੇ ਆਪਣੇ ਕਮਰੇ ਵਿਚ ਆਪਣੇ ਖਿਡਾਉਣਿਆਂ ਨਾਲ ਖੇਲ — ਦੇਖ ਜਿੰਨੇ ਲੋਕ ਬਾਹਰ ਬੈਠੇ ਨੇ ਮੈਨੂੰ ਉਹਨਾਂ ਲੋਕਾਂ ਕੋਲ ਰਹਿਣਾ ਚਾਹੀਦਾ ਹੈ ਨ ! ਤੂੰ ਏਥੇ ਹੀ ਕਮਰੇ ਵਿਚ ਖੇਲ।

'ਅੱਛਾ —'

o

'ਸੁਣੋ !'

'ਕੀ ਹੈ !'

'ਪਤਾ ਹੈ ਕੀ ਸਮਾਂ ਹੋ ਰਿਹਾ ਹੈ ? ਕਦੋਂ ਆਉਣਗੇ ਤੁਹਾਡੇ ਚੱਢਾ ?'

'ਹੁਣ ਕੀ ਦੱਸਾਂ — ਬਾਰ ਬਾਰ ਫ਼ੋਨ ਕਰਨਾ ਵੀ ਚੰਗਾ ਨਹੀਂ ਲੱਗਦਾ। ਜੇ ਵਿਗੜ ਗਈ ਤਾਂ ਬੱਸ।'

'ਤਾਂ ਮੈਂ ਕੇਕ ਕੱਟਵਾ ਦਿੰਦੀ ਹਾਂ।'

'ਪਾਗ਼ਲ ਹੋ ਗਈ ਏ। ਕੀ ਸੋਚਣਗੇ ਉਹ —'

'ਪਰ ਇਹ ਸਾਰੇ ਲੋਕ ਜੋ ਕਈ ਘੰਟਿਆਂ ਤੋਂ ਬੈਠੇ ਹਨ ਕੀ ਸੋਚਦੇ ਹੋਣਗੇ। ਇਹ ਵੀ ਖ਼ਿਆਲ ਕੀਤਾ ਹੈ —'

'ਸੋਚਣ ਦਿਓ ਜੋ ਸੋਚਦੇ ਹਨ। ਅਸੀਂ ਕਰ ਵੀ ਕੀ ਸਕਦੇ ਹਾਂ।'

'ਅਤੇ ਜੋ ਸੋਚਣ ਤੋਂ ਬਾਦ ਵਾਰ ਵਾਰ ਜਾਣ ਦੀ ਜਲਦੀ ਮਚਾ ਰਹੇ ਹਨ —'

'ਤਾਂ ਜਾਣ ਦਿਓ ਉਹਨਾਂ ਨੂੰ —'

'ਵਾਹ — ਇਹ ਏਨਾ ਸੌਖਾ ਹੈ ਕੀ — ਕਿਸੇ ਨੂੰ ਬੁਲਾ ਕੇ ਘੰਟਿਆਂ ਬੱਧੀ ਰੋਕੀ ਰਖੋ — ਅਤੇ ਫਿਰ ਵੈਸੇ ਹੀ ਭੇਜ ਦਿਓ ਬਿਨਾ ਕੁਝ ਖੁਆਏ-ਪਿਆਏ।'

'ਤਾਂ ਖੁਆਓ ਉਹਨਾਂ ਨੂੰ ਜੋ ਖੁਆਉਣਾ ਚਾਹੁੰਦੇ ਹੋ — ਮੇਰਾ ਦਿਮਾਗ਼ ਕਿਉਂ ਚੱਟ ਰਹੀ ਏ —?'

'ਕਿਹੋ ਜੇਹੀ ਗੱਲ ਕਰ ਰਹੇ ਹੋ — ਸਭ ਦੀ ਆਪਣੀ ਇਜ਼ਤ ਹੁੰਦੀ ਹੈ, ਕੋਈ ਤੁਹਾਡੇ ਖਾਣ ਦਾ ਭੁੱਖਾ ਨਹੀਂ ਹੈ। ਜਾਂਦੇ ਜਾਂਦੇ ਕਹਿੰਦੇ ਜਾਣਗੇ — ਮਿਸਿਜ਼ ਚੰਦਰਾ ! ਸਮੇਂ ਸਿਰ ਬੁਲਾਉਣਾ ਸੀ।'

'ਟਾਈਮ ਕੀ ? ਮੈਂ ਜਾਣਦਾ ਸੀ ਕਿ—'

ਮਿਸਟਰ ਚੰਦਰਾ ਬੁਖਲਾ ਉਠਿਆ।

'ਤੁਹਾਨੂੰ ਕੌਣ ਕਹਿ ਰਿਹਾ ਹੈ — ਪਰ ਚੱਢਾ ਨੂੰ ਤਾਂ ਸਮਝ ਹੋਣੀ ਚਾਹੀਦੀ ਸੀ। ਐਨੀ ਵੱਡੀ ਫ਼ੈਕਟਰੀ ਦੇ ਔਨਰ ਅਤੇ ਟਾਈਮ ਤਕ ਦਾ ਸੈਂਸ ਨਹੀਂ।'

'ਹੌਲੀ ਬੋਲੋ...ਤੁਹਾਨੂੰ ਗੱਲ ਕਰਨ ਤਕ ਦਾ ਪਤਾ ਨਹੀਂ.. ਕਿਤੇ ਕਿਸੇ ਦੇ ਕੰਨਾਂ ਤਕ...'

'ਬਈ ਬਾਹਰ ਜਾ ਕੇ ਦੇਖੋ ਲੋਕ ਸ਼ਰੇਆਮ ਕੀ ਕੀ ਕਹਿ ਰਹੇ ਹਨ— 'ਕਿਤੇ ਪੀ ਕੇ ਝੂੰਮਦੇ ਹੋਣਗੇ ਚੱਢਾ — ਹੋਸ਼ ਕਿਥੇ ਹੋਵੇਗਾ ਕਿ ਕਿਤੇ ਜਾਣਾ ਵੀ ਹੈ—' 'ਹੁਣੇ ਮਿਸਜ਼ ਗੁਲਾਟੀ ਕਹਿ ਰਹੀ ਸੀ —' 'ਮਿਸਜ਼ ਗੁਲਾਟੀ ਨਾਲ ਕਿਉਂ ਆਪਣਾ ਰਸਤਾ ਨਾਪੋ —' 'ਪਰ ਗੱਲ ਕੇਵਲ ਮਿਸਜ਼ ਗੁਲਾਟੀ ਤਕ ਹੀ ਨਹੀਂ — ਇਕ ਦੇ ਉਠਦੇ ਹੀ ਸਾਰੇ ਜਣੇ ਜਾਣਾ ਸ਼ੁਰੂ ਕਰ ਦੇਣਗੇ —'

'ਜਾਣਦੋ, ਆਈ ਡੋਮ ਕੇਅਰ ਫਾਰ ਐਨੀ ਬਾਡੀ —' ਪਰ ਕਹਿਣ ਦੇ ਨਾਲ ਹੀ ਉਸ ਨੂੰ ਖ਼ੁਦ ਵੀ ਹੋਸ਼ ਆ ਗਿਆ — ਕਹਿਣਾ ਸੌਖਾ ਹੈ ਪਰ ਕਿਤੇ ਸਚਮੁਚ ਹੀ ਸਾਰੇ ਦੇ ਸਾਰੇ ਮਹਿਮਾਨ ਚਲੇ ਗਏ ਤਾਂ ਚੱਢਾ ਦੇ ਆਉਣ ਤੇ ਕਿੰਨੀ ਸ਼ਰਮਿੰਦਗੀ ਵਾਲੀ ਗੱਲ ਹੋਵੇਗੀ। ਇਹ ਵੀ ਤਾਂ ਆਪਣੇ ਆਪ ਵਿਚ ਉਸ ਦੀ ਕਿੰਨੀ ਬੜੀ ਬੇਇਜ਼ਤੀ ਹੋਵੇਗੀ — ਕੀ ਸੋਚਣਗੇ ਉਹ ! ਨਹੀਂ, ਚੱਢਾ ਦੇ ਆਉਣ ਤਕ ਜਿਵੇਂ ਵੀ ਹੋਵੇ ਸਾਰਿਆਂ ਨੂੰ ਰੋਕ ਕੇ ਰਖਣਾ ਹੀ ਹੈ —

'ਫਿਰ —? ਫਿਰ ਕੀ ਕੀਤਾ ਜਾਵੇ —' ਉਹਨਾਂ ਨੇ ਹਾਰੀ ਥੱਕੀ ਆਵਾਜ਼ ਵਿਚ ਕਿਹਾ।

'ਮੈਂ ਕੀ ਦੱਸਾਂ — ਜਾਓ — ਜਾ ਕੇ ਫਿਰ ਤੋਂ ਕਿਸੇ ਤਰ੍ਹਾਂ ਫ਼ੋਨ ਤੇ ਗਿੜਗੜਾਓ। ਮੇਰਾ ਮਤਲਬ ਹੈ ਰਿਕਵੈਸਟ ਕਰੋ —'

'ਜਾਂਦਾ ਹਾਂ — ਉਹਨਾਂ ਨੇ ਪਰੇਸ਼ਾਨ ਅਵਾਜ਼ ਨਾਲ ਕਿਹਾ — ਫਿਰ ਪੁਛਿਆ 'ਬੱਲੂ ਕਿਥੇ ਹੈ —'

'ਬੈਡਰੂਮ ਵਿਚ ਖੇਡ ਰਿਹਾ ਹੈ — ਕਿੰਨੀ ਵਾਰ ਸਮਝਾਇਆ ਕੁਝ ਵੀ ਨਹੀਂ ਖਾ ਰਿਹਾ — ਕਹਿੰਦਾ ਹੈ, ਕੇਕ ਕੱਟ ਕੇ ਫੇਰ ਖਾਊਂਗਾ — ਦੁਪਹਿਰ ਪਿਛੋਂ ਕੁਝ ਨਹੀਂ ਖਾਧਾ — ਰੋਇਆ ਵੀ ਕਿੰਨਾ ਹੀ —'

'ਕਿਉਂ ?'

ਉਸ ਦੇ ਸਾਰੇ ਦੋਸਤ ਚਲੇ ਗਏ — ਇੰਤਜ਼ਾਰ ਕਰਦੇ ਕਰਦੇ, ਅੰਤ ਨੂੰ ਅੰਜੂ ਵੀ —

'ਓਹ — ਉਸ ਨੂੰ ਸਮਝਾ ਦਿਓ — ਜਾਂਦਾ ਹਾਂ ਕਿਸੇ ਤਰ੍ਹਾ ਰਾਹ ਤੋਂ ਹੀ ਫੋਨ ਕਰਦਾ ਹਾਂ —'

o

ਸੁਣੋ — ਸੁਣੋ, ਗੱਲ ਹੋ ਗਈ — ਗੱਲ ਹੋ ਗਈ — ਚੱਢਾ ਨਾਲ; ਬਹੁਤ ਚੰਗੇ ਮੂਡ ਵਿਚ ਸੀ; ਬੋਲੇ ਜਿਵੇਂ ਮੈਂ ਉਹਨਾਂ ਦਾ ਮਤੈਹਿੱਤ ਨਹੀਂ ਬਲਕਿ ਯਾਰ ਦੋਸਤ ਹਾਂ, ਬੋਲੇ — ਡੌਂਟ ਵਰੀ, ਬਸ ਇਸ ਪੰਦਰਾਂ ਮਿੰਟ ਵਿਚ ਆ ਰਿਹਾ ਹਾਂ ਅਸਲ ਵਿਚ ਉਹਨਾਂ ਦੇ ਘਰ ਵਾਲਿਆਂ ਨੇ ਜਿਥੇ ਚੱਢਾ ਗਏ ਹਨ ਉਥੇ ਦਾ ਨੰਬਰ ਦੱਸ ਕੇ ਗੱਲ ਕਰਵਾ ਦਿਤੀ — ਮੈਂ ਜ਼ਰਾ ਵਧਾ ਚੜ੍ਹਾ ਕੇ ਕਿਹਾ ਕਿ ਸਰ ! ਅਸੀਂ ਲੋਕ ਤੁਹਾਡੇ ਲਈ ਪਰੇਸ਼ਾਨ ਸੀ ਕਿ ਕਿਤੇ ਰਸਤੇ ਵਿਚ ਕੁਝ ਗੜਬੜੀ — ਸੋ ਖ਼ੁਸ਼ ਹੋ ਗਏ — ਬਹੁਤ ਚੰਗੀ ਤਰ੍ਹਾਂ ਗੱਲ ਹੋ ਗਈ — 'ਗੱਲ ਹੋ ਗਈ ਨਾ —' ਸ਼ੋਭਾ ਕੁੜ ਕੇ ਬੋਲੀ — 'ਤਾਂ ਹੁਣ ਜਾ ਕੇ ਜ਼ਰਾ ਬਾਹਰ ਬੈਠੇ ਮਹਿਮਾਨਾਂ ਨਾਲ ਵੀ ਗੱਲ ਕਰ ਲਓ — ਕਈ ਤਾਂ ਜਾ ਚੁਕੇ ਹਨ —'

'ਓ — ਤੂੰ ਕੀ ਕਰਦੀ ਰਹੀ — ਕਹਿਣਾ ਸੀ ਜ਼ਰਾ ਦੇਰ —'

'ਪਲੀਜ਼ — ਬਸ ਇਕ ਵਾਰ ਕਹਿ ਦਿਤਾ — ਮੈਂ ਜਿੰਨਾ ਕੁਝ ਕਹਿਣਾ ਸੀ ਕਹਿ ਚੁਕੀ ਹਾਂ — ਹੁਣ ਮੈਂ ਕੁਝ ਨਹੀਂ ਕਹਿ ਸਕਦੀ — ਤੁਸੀਂ ਜਾ ਕੇ ਜੋ ਕੁਝ, ਜਿਵੇਂ ਕਹਿਣਾ ਹੈ ਕਹੋ —'

'ਠੀਕ ਹੈ — ਤੂੰ ਕੁਝ ਨਹੀਂ ਕਰ ਸਕਦੀ — ਮੈਂ ਹੀ ਜਾਂਦਾ ਹਾਂ — ਤੁਸੀਂ ਜ਼ਰਾ ਜਲਦੀ ਸਕਾਚ ਦੀਆਂ ਦੋ ਬੋਤਲਾਂ ਭੇਜੋ — ਕਿਸੇ ਕਿਸੇ ਖ਼ਾਸ ਮੌਕੇ ਵਾਸਤੇ ਰਖੀਆਂ ਹਨ — ਭੇਜ ਸਕਦੀ ਏ ਜਾਂ ਉਹ ਵੀ ਨਹੀਂ— ਦੇਖੂੰਗਾ ਕਿਵੇਂ ਨਹੀਂ ਰੁਕਦੇ ਲੋਕ—?' ਮਿਸਟਰ ਚੰਦਰਾ ਤੈਸ਼ ਵਿਚ ਆ ਗਿਆ ।

'ਆ ਗਏ — ਆ ਗਏ — ਓ ਸ਼ੋਭਾ — ਕਿਥੇ ਗਈ — ਏਧਰ ਆਓ ਨਾ — ਮਿਸਟਰ ਚੱਢਾ ਆ ਗਏ ਬਈ —'

'ਹਲੋ ਸਰ —'

'ਹਲੋ — ਹਲੋ —'

ਚਾਰੇ ਪਾਸੇ ਅਜੀਬ ਜਿਹੀ ਸਨਸਨਾਹਟ ਭਰੀ ਉਤ-ਸੁਕਤਾ ਫੈਲ ਗਈ। ਚੱਢਾ ਆ ਗਏ — ਆ ਗਏ ਚੱਢਾ — ਆਈਏ ਸਰ — ਆਈਏ — ਹੋ-ਹੋ — ਹੋ-ਹੋ — 'ਸਾਰੀ ਫਾਰ ਲੇਟ ।'

'ਨਹੀਂ ਸਰ — ਕੋਈ ਗੱਲ ਨਹੀਂ । ਇਹੋ ਜੇਹੀ ਕੋਈ ਖ਼ਾਸ ਦੇਰ ਨਹੀਂ ਹੋਈ — ਤੁਸੀਂ ਆਓ — ਮਿਲੀਏ ਸੋ ਐਂਡ ਸੋ — ਮਿਸੇਜ਼ — ਸੋ — ਹੋ-ਹੋ-ਹੋ-ਹੋ — 'ਕੇਕ-ਬੇਕ ਕੱਟ ਲਿਆ — ਹੈਪੀ ਬਰਥ-ਡੇ — 'ਚੱਢਾ ਮਸਤੇ ਹਾਥੀ ਦੀ ਤਰ੍ਹਾਂ ਝੂਲਦੇ ਹੋਏ ਬੋਲੇ ।

'ਨਹੀਂ ਸਰ । ਤੁਹਾਤੋਂ ਬਿਨਾ ਕਿਵੇਂ ਕੱਟ ਸਕਦਾ ਸੀ ਕੇਕ, ਅਸੀਂ ਸਾਰੇ ਤੁਹਾਡੀ ਇੰਤਜ਼ਾਰ ਕਰ ਰਹੇ ਸੀ —'

'ਹੋ-ਹੋ-ਹੋ — ਤਾਂ ਚਲੋ —'

'ਜੀ-ਜੀ — ਸਰ —'

'ਵੇਅਰ ਇਜ਼ ਦੀ ਚਾਈਲਡ ।'

ਮਿਸਟਰ ਚੰਦਰਾ ਨੇ ਜਲਦੀ ਸ਼ੋਭਾ ਨੂੰ ਇਸ਼ਾਰਾ ਕੀਤਾ ।

'ਸੁਣੋ — ਬੱਲੂ ਕਿਧਰ ਗਿਆ । ਬੱਲੂ ਨੂੰ ਬੁਲਾਓ ।

'ਕਿਥੇ ਹੈ ਬੱਲੂ —'

ਸ਼ੋਭਾ ਨੇ ਹੌਲੀ ਜਿਹੀ ਫੁਸਫੁਸਾਹਟ ਨਾਲ ਉਤਰ ਦਿਤਾ 'ਸੌਂ ਗਿਆ ਰੋਂਦੇ ਰੋਂਦੇ —'

ਮਿਸਟਰ ਚੰਦਰਾ ਹੋਰ ਹੌਲੀ ਜਿਹੀ ਫੁਸਫੁਸਾਏ—ਤਾਂ ਖੜੀ ਕੀ ਏ, ਛੇਤੀ ਜਗਾ ਕੇ ਅੱਖਾਂ ਖੁਲ੍ਹਾ ਕੇ ਲੈ ਆਓ— ਚੰਗੀ ਤਰ੍ਹਾਂ ਨਾਲ ਸਮਝਾ ਦੇਣਾ 'ਹਲੋ ਸਰ' — ਕਹਿ ਕੇ ਸ਼ੇਕਹੈਂਡ ਕਰੇ — ਉਨੀਂਦਾ ਹੋਵੇਗਾ — ਕਹਿ ਕੇ ਲਿਆਉਣਾ —'

'ਜਾਂਦੀ ਹਾਂ —'

o

'ਬੱਲੂ — ਬੱਲੂ ਬੇਟੇ ਉਠ — ਦੇਖ ਚੱਢਾ ਅੰਕਲ ਆ ਗਏ । ਚਲ, ਚਲ ਕੇ ਕੇਕ ਕੱਟ — ਉਠ — ਉਠ ਜਾ ਬੇਟੇ —

ਬੱਲੂ ਦੀਆਂ ਸੁੱਤੀਆਂ, ਉਦਾਸ ਪਲਕਾਂ ਥੋੜੀਆਂ ਖੁਲ੍ਹੀਆਂ । ਉਸ ਨੇ ਹੈਰਾਨੀ ਨਾਲ ਚਾਰੇ ਪਾਸੇ ਦੇਖਿਆ — ਅਤੇ ਪਾਸਾ ਲੈ ਕੇ ਫਿਰ ਗੂੜ੍ਹੀ ਨੀਂਦ ਸੌਂ ਗਿਆ । ਸ਼ੋਭਾ ਨੇ ਅੱਖਾਂ ਖੋਲ੍ਹੀਆਂ — ਜਗਾਇਆ — ਅਤੇ ਫਿਰ ਉਸ ਨੂੰ ਹੌਲੀ ਹੌਲੀ ਸੌਣ ਤੋਂ ਪਹਿਲਾਂ ਦਾ ਮਹੌਲ ਯਾਦ ਆਉਣ ਲੱਗਿਆ । ਇਕ ਇਕ ਕਰਕੇ ਅਸ਼ੀਦ, ਅਮਿਤ, ਬੰਟੂ ਦਾ ਇੰਤਜ਼ਾਰ ਕਰ ਕਰਕੇ ਨਿਰਾਸ਼ ਹੋ ਕੇ ਚਲੇ ਜਾਣਾ — ਨੀਂਦ ਅਤੇ ਭੁੱਖ ਤੋਂ ਚਿੜ-ਚਿੜੀਆਂ ਅੱਖਾਂ 'ਚ ਇਕ ਅਭਿਮਾਨ ਜਾਗਿਆ — ਮੈਂ ਨਹੀਂ ਕੱਟਦਾ ਕੇਕ —

'ਓ ਨਹੀਂ ਬੇਟੇ — ਅਜੇਹਾ ਨਹੀਂ ਕਰਦੇ ਹੁੰਦੇ । ਸਾਰੇ ਲੋਕ ਤੈਨੂੰ ਉਡੀਕ ਰਹੇ ਹਨ । ਚੱਢਾ ਅੰਕਲ ਤੈਨੂੰ ਬੁਲਾ ਰਹੇ ਹਨ ਚਲ, ਛੇਤੀ ਚਲ —'

ਜ਼ਿੱਦ, ਭੁੱਖ ਅਤੇ ਕੱਚੀ ਨੀਂਦ ਦੀ ਚਿੜਚਿੜਾਹਟ ਚੱਢਾ ਅੰਕਲ ਦੇ ਨਾਂ ਤੋਂ ਖਿਝ ਗਿਆ । ਉਹ ਅੜ ਕੇ ਚੀਕ ਉਠਿਆ — 'ਨਹੀਂ — ਨਹੀਂ — ਮੈਂ ਨਹੀਂ ਕੱਟਦਾ ਕੇਕ-ਬੇਕ ਮੇਰੇ ਸਾਰੇ ਦੋਸਤ ਜੋ ਚਲੇ ਗਏ —'

'ਮੰਨ ਜਾ ਬੇਟੇ — ਸਾਰੇ ਲੋਕ ਕੀ ਸੋਚਣਗੇ — ਦੇਖ ਤੂੰ ਨਹੀਂ ਕੱਟੇਂਗਾ ਤਾਂ ਪਾਪਾ ਦੀ ਕਿੰਨੀ ਇਨਸੱਲਟ ਹੋਵੇਗੀ — ਕਿੰਨਾ ਭੱਜੇ ਹਨ ਪਾਪਾ ਸਾਰਾ ਦਿਨ ਤੇਰੇ ਜਨਮ-ਦਿਨ ਦੀ ਖ਼ਾਤਰ— ਕਿੰਨੀਆਂ ਚੀਜ਼ਾਂ ਲਿਆਏ —

ਏਂ —?

ਬੱਲੂ ਦੀਆਂ ਅੱਖਾਂ ਵਿਚ ਸਚਮੁਚ ਸਵੇਰ ਤੋਂ ਸ਼ਾਮ ਤਕ ਭੱਜ ਦੌੜ ਕਰਦੇ ਪਸੀਨੋ-ਪਸੀਨਾ ਹੁੰਦੇ ਪਾਪਾ ਦਾ ਥੱਕਿਆ ਹਾਰਿਆ ਚੇਹਰਾ ਸਾਕਾਰ ਹੋ ਉਠਿਆ। ਹਾਂ, ਪਾਪਾ ਬਹੁਤ ਥੱਕੇ ਉਸਦੇ ਲਈ ਹੀ! ਬਾਲ ਮਨ ਪਸੀਜ਼ ਗਿਆ। ਚੁਪ ਚਾਪ ਮੰਮੀ ਦੇ ਨਾਲ ਹੋ ਤੁਰਿਆ। ਮੰਮੀ ਨੇ ਹੀ ਕਿਸੇ ਤਰ੍ਹਾਂ ਉਸਦਾ ਹੱਥ ਫੜਕੇ ਕੇਕ ਕਟਾਇਆ। ਤਾਲੀਆਂ ਵੱਜ ਗਈਆਂ...ਹੈਪੀ ਬਰਥ-ਡੇ ...ਉਸ ਨੇ ਚਾਰੇ ਪਾਸੇ ਉਦਾਸ ਅੱਖਾਂ ਨਾਲ ਦੇਖਿਆ — ਨ ਅੰਜੂ, ਨ ਅਮਿਤ, ਨ ਬੰਟੀ...ਅਜ਼ਨਬੀ ਅਨਜਾਨ ਚੇਹਰੇ। ਮਨ ਫਿਰ ਉਦਾਸ ਹੋ ਗਿਆ।

ਸਾਹਬ ਨੂੰ ਛੇਤੀ ਸੀ। ਡਰਾਈਵਰ ਪਹਿਲਾਂ ਹੀ ਦੱਸ ਗਿਆ ਸੀ। ਮਿਸਟਰ ਚੰਦਰਾ ਨੇ ਜਲਦੀ ਨਾਲ ਕਾਜੂ, ਕੇਕ, ਬਰਫੀ ਨਾਲ ਭਰੀ ਪਲੇਟ ਉਸਦੇ ਸਾਹਮਣੇ ਕਰ ਦਿਤੀ..

ਲਓ ਸਰ...

ਬੱਲੂ ਉਸੇ ਤਰ੍ਹਾਂ ਖੜਾ ਰਿਹਾ।

ਸਾਹਬ ਝੂਲਦੇ ਹੋਏ ਅੱਗੇ ਆਏ—'ਸੋ ਵੱਟ ਇਜ਼ ਯੋਰ ਨੇਮ ਸੰਨੀ ... ।' ਲੜਖੜਾਉਂਦੀ ਆਵਾਜ਼ ਬਹੁਤ ਮੁਸ਼ਕਲ ਨਾਲ ਸ਼ਬਦਾਂ ਨੂੰ ਸੰਭਾਲ ਰਹੀ ਸੀ।

—'ਨਾਂ—ਨਾਂ ਦੱਸ ਦਿਓ ਬੱਲੂ ਆਪਣਾ ...।'

ਪਰ ਬੱਲੂ ਨੇ ਜਿਵੇਂ ਸੁਣਿਆ ਹੀ ਨਹੀਂ।

ਸਾਹਬ ਕੋਲ ਆਏ...'ਕਮ, ਆਈ ਵਿਲ ਗਿਵ ਯੂ ਦਾ ਬਰਥ-ਡੇ ਕਿਸ...।' ਅਤੇ ਆਪਣੇ ਬੁਲ੍ਹ ਉਹਨਾਂ ਨੇ ਬੱਲੂ ਦੇ ਚੇਹਰੇ ਨਾਲ ਲਾ ਦਿਤੇ। ਸਿਗਰਟ ਅਤੇ ਸ਼ਰਾਬ ਦੀ ਤੇਜ਼ ਹਵਾ ਉਠੀ ਅਤੇ ਬੱਲੂ ਨੇ ਝਟਕੇ ਨਾਲ ਚਿਹਰਾ ਦੂਸਰੇ ਪਾਸੇ ਘੁੰਮਾ ਲਿਆ। ਮਿਸਟਰ ਚੰਦਰਾ ਤੜਫੇ।

—'ਹੋ—ਹੋ—ਹੋ—ਤੂੰ ਤਾਂ ਛੋਕਰੀਆਂ ਦੀ ਤਰ੍ਹਾਂ ਸ਼ਰਮਾਉਂਦਾ, ਏਂ ?'

ਅਤੇ ਸਾਹਬ ਨੇ ਲੜਖੜਾਉਂਦੀ ਆਵਾਜ਼ ਨਾਲ ਇਕ ਗੰਦਾ ਪਾਰਟੀ ਜੋਕ ਸੁਣਾ ਮਾਰਿਆ। ਭੀੜ ਦਾ ਠਹਾਕਾ ਬੱਲੂ ਨੂੰ ਆਪਣੀ ਬਰਥ-ਡੇ ਦਾ ਸਭ ਤੋਂ ਵੱਡਾ ਮਖ਼ੌਲ ਲੱਗਿਆ।

—'ਓ, ਕੇ। ਗੁਡ ਬਾਇ...।' ਸਾਹਬ ਨੇ ਹੱਥ ਬੱਲੂ ਵੱਲ ਕਰੇ ਸੀ।

ਪਰ ਬੱਲੂ ਦੇ ਹੱਥ ਉਥੇ ਦੇ ਉਥੇ।

ਬੱਲੂ ! ਸ਼ੇਕ ਹੈਂਡ ਕਰੋ ਸਾਹਬ ਨਾਲ...

ਬੱਲੂ ਉਸੇ ਤਰ੍ਹਾਂ ਹੀ ਬੁਤ ਬਣਿਆ ਖੜਾ ਰਿਹਾ।

—'ਬੱਲੂ...ਉ...ਉ ।' ਆਵਾਜ਼ ਵਿਚ ਹੁਕਮ ਦੀ ਸਖਤੀ ਅਤੇ ਕੜਕ ਸੀ।

ਪਰ ਬੱਲੂ, ਤਾਂ ਜਿਵੇਂ ਪੱਥਰ ਦਾ ਬਣ ਗਿਆ ਸੀ।

ਨਸ਼ੇ ਵਿਚ ਘੁਟ ਸਾਹਬ ਦੇ ਹੱਥ ਵੈਸੇ ਹੀ ਅੱਗੇ ਹੋਏ ਸੀ।

—'ਓ...ਤੂੰ ਹਾ ਅ...ਅ...ਤ ਮਿਲਾਉਣਾ ਵੀ ਨਹੀਂ ਜਾਣਦਾ...

—'ਬੱਲੂ ਉ...ਉ ।' ਮਿਸਟਰ ਚੰਦਰਾ ਅੱਖਾਂ ਪਾੜ ਕੇ ਕੜਕੇ ਸੀ।

ਪਰ ਬੱਲੂ ਦੇ ਹੱਥ ਹੋਰ ਸਖਤੀ ਨਾਲ ਪਿਛਲੇ ਪਾਸੇ ਨੂੰ ਖਿਚੇ ਗਏ ਸੀ। ਉਹ ਖੜਾ ਸੀ ਜਿਵੇਂ ਹੀ ਲਕੜ ਦਾ ਪੁਤਲਾ...

'ਈਡੀਅਟ'—ਮਿਸਟਰ ਚੰਦਰਾ ਆਪੇ ਤੋਂ ਬਾਹਰ ਹੋ ਕੇ ਚੀਕੇ ਸੀ ਅਤੇ ਇਕ ਜ਼ੋਰਦਾਰ ਥੱਪੜ ਉਸਦੀ ਖੱਬੀ ਗੱਲ ਤੇ ਪਿਆ ਸੀ...ਬੱਲੂ ਦਰਦ ਨਾਲ ਤੜਫ ਕੇ ਲੜਖੜਾਇਆ ਸੀ। ਸ਼ੋਭਾ ਦੀ ਦੱਬੀ ਹੋਈ ਚੀਕ ਨਿਕਲੀ ਅਤੇ ਉਹ ਉਸ ਨੂੰ ਗੋਦ ਨਾਲ ਚਿਪਕਾ ਕੇ ਤੇਜ਼ੀ ਨਾਲ ਅੰਦਰ ਕਮਰੇ ਵੱਲ ਚਲੀ ਗਈ ਸੀ।

ਬਾਹਰ ਕਾਰ ਕੋਲ ਜਾਂਦੇ ਹੋਏ ਚੱਢਾ ਦੇ ਨਾਲ ਨਾਲ ਮਿਸਟਰ ਚੰਦਰਾ ਗਿੜਗਿੜਾਉਂਦਾ ਹੋਇਆ ਘਿਸੜਦਾ ਚਲਿਆ ਜਾ ਰਿਹਾ ਸੀ...'ਸਾਰੀ ਸਰ...ਵੈਰੀ ਸਾਰੀ। ਆਈ ਅਮ ਰਿਅਲੀ ਸਾਰੀ...'

ਚੱਢਾ ਲੋਥ ਦੀ ਤਰ੍ਹਾਂ ਕਾਰ ਦੀ ਪਿਛਲੀ ਸੀਟ ਤੇ ਲੁਚਕ ਗਿਆ ਸੀ। ਨਸ਼ੇ ਨਾਲ ਗੁਟ ਉਹਨਾਂ ਨੂੰ ਪਹਿਲਾਂ ਵੀ ਕੁਝ ਸੁਣਾਈ ਨਹੀਂ ਦਿਤਾ ਸੀ।

ਅੰਦਰ ਕਮਰੇ ਵਿਚ ਬਿਸਤਰੇ ਤੇ ਪਏ ਬੱਲੂ ਦੀ ਸਾਰੀ ਦੇਹ ਹੌਲੀ ਹੌਲੀ ਹਿਚਕੀਆਂ ਨਾਲ ਉਪਰ ਉਠਦੀ ਸੀ। ਸ਼ੋਭਾ ਮੁਲਾਇਮ ਕਪੜੇ ਨਾਲ ਉਸ ਦੀ ਗਲ ਹੌਲੀ ਹੌਲੀ ਦਬਾ ਰਹੀ ਸੀ। ਥੋੜੀ ਦੇਰ ਬਾਦ ਹਿਚਕੀਆਂ ਬੰਦ ਹੋਣ ਤੇ ਉਸਨੇ ਖੱਬਾ ਹੱਥ ਲਾ ਕੇ ਹੌਲੀ ਹੌਲੀ ਆਪਣੀਆਂ ਗੱਲਾਂ ਨੂੰ ਛੋਹਿਆ। ਫਿਰ ਬਹੁਤ ਹੌਲੀ, ਥੱਕੀ, ਲਗ ਭਗ ਨਿਰਜਿੰਦ ਆਵਾਜ਼ ਨਾਲ ਸ਼ੋਭਾ ਨੂੰ ਕਿਹਾ, —'ਮਮੀਂ... ਕਲ੍ਹ ਮੈਨੂੰ...ਸਕੂਲ ਨਾ ਭੇਜਣਾ।'

(ਅਨੁ : ਮੁਖਤਿਆਰ ਸਿੰਘ)

O

—'ਰਹੀ ਉਪਯੋਗਤਾ ਦੀ ਗੱਲ। ਏਸ ਵਿਸ਼ੇ ਤੇ ਮੇਰਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਸਾਰੀ ਕਲਾ ਉਪਯੋਗਤਾ ਸਾਹਵੇਂ ਗੋਡੇ ਟੇਕਦੀ ਹੈ। ਪ੍ਰਾਪੇਗੰਡਾ ਬਦਨਾਮ ਸ਼ਬਦ ਹੈ, ਪਰ ਅੱਜ ਦਾ ਵਿਚਾਰ ਪੈਦਾ ਕਰਨ ਵਾਲਾ, ਸ਼ਕਤੀਸ਼ਾਲੀ ਤੇ ਸਿਹਤ ਵਧਾਊ ਸਾਹਿਤ ਪ੍ਰਾਪੇਗੰਡੇ ਤੋਂ ਸਿਵਾ ਨਾ ਕੁਝ ਹੈ, ਨਾ ਹੋ ਸਕਦਾ ਹੈ, ਨਾ ਹੋਣਾ ਚਾਹੀਦਾ ਹੈ।'

(ਪ੍ਰੇਮਚੰਦ—ਨਰੋਤਮ ਨਾਗਰ ਨੂੰ ਖ਼ਤ)

O

# ਵਿਰਸੇ ਬਾਰੇ ਮਾਰਕਸਵਾਦੀ ਪਹੁੰਚ

o

## ਸੁਰਜੀਤ ਹਾਂਸ

ਸਰਦਾਰ ਗੁਰਸ਼ਰਨ ਸਿੰਘ ਹੁਰਾਂ ਦੀ ਨਾਟਕ ਦੇ ਖੇਤਰ ਵਿਚ ਵੱਡੀ ਪ੍ਰਾਪਤੀ ਹੈ। ਉਹਨਾਂ ਨੇ ਆਪਣੇ ਨਾਟਕਾਂ ਵਿਚ ਜਿਸ ਢੰਗ ਨਾਲ ਇਤਿਹਾਸ ਨੂੰ ਲਿਆ ਹੈ ਉਸ ਨੇ ਸਾਨੂੰ ਆਪਣੀ ਪਰੰਪਰਾ ਬਾਰੇ ਮੁੜ ਵਿਚਾਰ ਕਰਨ ਲਈ ਮਜ਼ਬੂਰ ਕੀਤਾ ਹੈ। ਪਰੰਪਰਾ ਅਤੇ ਪ੍ਰਗਤੀਵਾਦ ਦੇ ਸੁਆਲ ਨੂੰ ਉਠਾਉਣਾ ਦਰਅਸਲ ਸਰਦਾਰ ਗੁਰਸ਼ਰਨ ਸਿੰਘ ਦੀ ਨਾਟਕ ਕਲਾ ਦੀ ਅਸਿੱਧੀ ਦੇਣ ਹੈ। ਇਹ ਸੁਆਲ ਉਹਨਾਂ ਨੇ ਨਿਜੀ ਤੌਰ 'ਤੇ ਨਹੀਂ ਖੜਾ ਕੀਤਾ। ਇਹ ਸੁਆਲ ਉਹਨਾਂ ਦੀ ਨਾਟਕ ਕਲਾ ਦੀ ਹੀ ਕੇਂਦਰੀ ਸਮਸਿਆ ਹੈ। ਇਹੀ ਸੁਆਲ ਪ੍ਰਗਤੀਵਾਦੀ ਲਹਿਰ ਦੇ ਫੈਲਾਅ ਅਤੇ ਚਿੰਤਨ ਕਾਰਨ ਅਜ ਦੇ ਅਜੰਡੇ ਤੇ ਆਇਆ ਹੈ।

ਪਰੰਪਰਾ ਨੂੰ ਦੋ ਤਰੀਕਿਆਂ ਨਾਲ ਵਿਚਾਰਿਆ ਜਾ ਸਕਦਾ ਹੈ। ਇਕ ਮੋਟੇ ਸਾਧਾਰਣ ਤਰੀਕੇ ਨਾਲ ਇਸ ਦੇ ਬਾਰੇ ਜਨਰਲ ਗੱਲਾਂ ਕੀਤੀਆਂ ਜਾ ਸਕਦੀਆਂ ਹਨ। ਦੂਸਰੇ ਆਪਣੀ ਪਰੰਪਰਾ ਨੂੰ ਵੇਰਵੇ ਸਹਿਤ ਨਿਯਮਬਧ ਤਰੀਕੇ ਨਾਲ ਘੋਖਿਆ ਜਾ ਸਕਦਾ ਹੈ।

ਮੋਟੇ ਤੌਰ ਤੇ ਤਾਂ ਇਹ ਕਹਿਣਾ ਜ਼ਰੂਰੀ ਹੈ ਕਿ ਪਰੰਪਰਾ ਦਾ ਸਾਡੇ ਆਪਣੇ ਰਵੱਈਏ ਨਾਲ ਸੰਬੰਧ ਹੈ। ਉਂਝ ਤਾਂ ਸਾਰੇ ਭੂਤ ਕਾਲ ਨੂੰ ਪਰੰਪਰਾ ਕਿਹਾ ਜਾ ਸਕਦਾ ਹੈ, ਪਰ ਇਸ ਦਾ ਕੋਈ ਅਰਥ ਨਹੀਂ ਹੋਵੇਗਾ। ਸਾਡੇ ਭੂਤਕਾਲ ਵਿਚ ਕਈ ਚੀਜ਼ਾਂ ਅੱਛੀਆਂ ਤੇ ਪ੍ਰੇਰਨਾਜਨਕ ਵਾਪਰੀਆਂ ਅਤੇ ਬਹੁਤ ਸਾਰੀਆਂ ਦੁਖਾਂਤਕ ਘਟਨਾਵਾਂ ਵੀ ਸਨ ਜਿਨ੍ਹਾਂ ਨੂੰ ਅਸੀਂ ਭੁੱਲਣਾ ਚਾਹਵਾਂਗੇ ਜਾਂ ਘਟੋਘਟ ਇਹ ਨਹੀਂ ਚਾਹੁੰਦੇ ਕਿ ਉਹ ਮੁੜਕੇ ਦੋਹਰਾਈਆਂ ਜਾਣ। ਇਸ ਲਈ ਰਵੱਈਏ ਤੇ ਪਹੁੰਚ ਦੇ ਦ੍ਰਿਸ਼ਟੀਕੋਣ ਤੋਂ ਕਈ ਪਰੰਪਰਾਵਾਂ ਹੋਣੀਆਂ ਜ਼ਰੂਰੀ ਹਨ। ਅਸੀਂ ਕਿਹੜੀ ਪਰੰਪਰਾ ਦੀ ਗੱਲ ਕਰਦੇ ਹਾਂ ਇਸ ਦਾ ਜੁਆਬ ਮੁਸ਼ਕਲ ਨਹੀਂ। ਅਸੀਂ ਉਸ ਪਰੰਪਰਾ ਵਿਚ ਦਿਲਚਸਪੀ ਰੱਖਦੇ ਹਾਂ ਜਿਸ ਵਿਚ ਨਿਰਧਨ, ਨਿਮਾਣੇ, ਕੰਮੀ ਕਾਮਿਆਂ ਦੀਆਂ ਘਾਲਣਾਵਾਂ ਦਾ ਉਲੇਖ ਹੁੰਦਾ ਹੈ।

ਜਿਥੇ ਅਸੀਂ 'ਕਿਹੜੀ' ਪਰੰਪਰਾ ਦੇ ਸੁਆਲ ਦੇ ਜੁਆਬ ਨੂੰ ਜਾਣਦੇ ਹਾਂ ਉਥੇ ਅਸੀਂ ਇਸ ਦੇ 'ਕਿਉਂ' ਦੇ ਪ੍ਰਸ਼ਨ ਬਾਰੇ ਵੀ ਸਪਸ਼ਟ ਹਾਂ। ਅਸੀਂ ਆਪਣੇ ਦੇਸ਼ ਦੇ ਕਾਮੇ-ਕੰਮੀਆਂ ਦੀ ਪਰੰਪਰਾ ਵਿਚ ਇਸ ਕਰਕੇ ਦਿਲਚਸਪੀ ਰਖਦੇ ਹਾਂ ਕਿ ਅੱਜ ਦਾ ਮਜ਼ਦੂਰ ਕਿਸਾਨ ਆਪਣੀ ਜੁਝਾਰ ਪਰੰਪਰਾ ਤੋਂ ਕੁਝ ਸਿੱਖਦਾ ਹੋਇਆ ਅੱਜ ਦੇ ਚਲ ਰਹੇ ਘੋਲ ਵਿਚ ਵਧੇਰੇ ਉਤਸ਼ਾਹੀ, ਉੱਦਮੀ ਅਤੇ ਸਫਲ ਹੋ ਸਕੇ। ਇਸ ਨੁਕਤੇ ਦਾ ਇਕ ਹੋਰ ਪੱਖ ਵੀ ਹੈ। ਪਰੰਪਰਾ ਦੇ ਘੋਖਣ 'ਤੇ ਕਈ ਵੇਰ ਹੈਰਾਨੀ ਹੁੰਦੀ ਹੈ ਕਿ ਕਈ ਇਕ ਪੱਖਾਂ ਵਿਚ ਸਾਡੇ ਵਡੇਰਿਆਂ ਨੇ ਅਜੇਹੀਆਂ ਪ੍ਰਾਪਤੀਆਂ ਵੀ ਕੀਤੀਆਂ ਸਨ ਜਿਹੜੀਆਂ ਸਾਨੂੰ ਅੱਜ ਸੰਭਵ ਪ੍ਰਤੀਤ ਨਹੀਂ ਹੁੰਦੀਆਂ। ਮਿਸਾਲ ਵਜੋਂ 18ਵੀਂ ਸਦੀ ਵਿਚ ਸਿੱਖਾਂ ਦੀ ਗੁਰੀਲਾ ਲੜਾਈ ਦੇ ਦਾਅ ਪੇਚਾਂ ਨੂੰ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਉਹ ਅਮਨ ਰਾਹੀਂ ਅਜੇਹੇ ਸਿੱਟਿਆਂ 'ਤੇ ਪਹੁੰਚ ਗਏ ਜਿਨ੍ਹਾਂ 'ਤੇ ਅਜੋਕੇ ਵਾਮ ਪੱਖੀ ਫੌਜੀ ਚਿੰਤਕ ਜ਼ੋਰ ਦੇਂਦੇ ਹਨ। ਪਰੰਪਰਾ ਵਿਚ ਦਿਲਚਸਪੀ ਲੈਣੀ ਇਸ ਕਰਕੇ ਵੀ ਜ਼ਰੂਰੀ ਹੈ ਕਿ ਇਸ ਵਿਚੋਂ ਹਮੇਸ਼ਾ ਹੀ ਕੁਝ ਨਾ ਕੁਝ ਆਸ ਤੋਂ ਵਧ ਹੀ ਮਿਲ ਜਾਂਦਾ ਹੈ।

ਕਈ ਵਾਰ ਪਰੰਪਰਾ ਵਿਚ ਅਜੇਹੀਆਂ ਚੀਜ਼ਾਂ ਆਈਆਂ ਹੁੰਦੀਆਂ ਹਨ ਜਿਹੜੀਆਂ ਕਿਸੇ ਹੱਦ ਤਕ ਲਾ-ਮਿਸਾਲ ਹੁੰਦੀਆਂ ਹਨ। ਇਹ ਸਾਥੋਂ ਚਿੰਤਨ ਅਤੇ ਸਾਂਝੇ ਕਰਮ ਦੀ ਮੰਗ ਵੀ ਕਰਦੀਆਂ ਹਨ। ਮੇਰੇ ਖਿਆਲ ਵਿਚ ਸਿੱਖਾਂ ਦਾ ਗੁਰੂ ਪੰਥ ਦਾ ਸਿਧਾਂਤ ਸਾਡੀ ਜੁਝਾਰ ਪਰੰਪਰਾ ਦੀ ਅਜੇਹੀ ਪ੍ਰਾਪਤੀ ਹੈ। ਅਸੀਂ ਗੁਰੂ ਪੰਥ ਦੇ ਵਿਚਾਰ ਬਾਰੇ ਵਧੇਰੇ ਵੇਰਵੇ ਵਿਚ ਜਾ ਸਕਦੇ ਹਾਂ। ਗੁਰੂ ਪੰਥ ਦੇ ਵਿਚਾਰ ਦਾ ਬੀਜ ਤਾਂ ਬਾਬੇ ਨਾਨਕ ਦੇ ਇਸ ਕਦਮ ਵਿਚ ਹੈ ਜਦੋਂ ਉਹਨਾਂ ਨੇ ਲਹਿਣੇ ਨੂੰ ਗੁਰੂ ਅੰਗਦ ਬਣਾ ਦਿਤਾ। ਹੁਣ ਪੈਰੋਕਾਰ ਵੀ ਰੱਬ ਵਰਗਾ ਗੁਰੂ ਹੋ ਸਕਦਾ ਸੀ। ਏਸ ਬੀਜ਼ ਮਾਤਰ ਤੱਤ ਦੇ ਵਿਕਾਸ ਨੂੰ ਇਤਿਹਾਸ ਨੇ ਸ਼ਹਿ ਦਿੱਤੀ ਜਿਸ ਨੇ ਇਸ ਦਾ ਤਰਕ ਵੀ ਸਪਸ਼ਟ ਕਰ ਦਿਤਾ ਕਿ ਹਜ਼ਾਰਾਂ ਸਿੱਖ ਆਪ ਰੱਬ ਹਨ ਅਰਥਾਤ ਪੰਥ ਹੀ ਗੁਰੂ ਹੈ। ਇਸ ਵਿਚਾਰ ਦਾ ਅਗਲਾ ਪੜਾਅ ਇਹ ਸੀ, ਜਦੋਂ ਗੁਰੂ ਦੀ ਥਾਂ ਪੰਜ ਸ਼ਰਧਾ ਯੋਗ ਸਿੱਖ ਹੀ ਕਿਸੇ ਨੂੰ ਸਿੱਖ ਬਣਾ ਸਕਦੇ ਹਨ। ਇਸ ਤਰ੍ਹਾਂ ਸਿੱਖਾਂ ਦੀ ਨਿੱਕੀ ਜਿਹੀ ਗਿਣਤੀ ਨੇ ਗੁਰੂ ਦੀ ਸੰਸਥਾ ਦਾ ਥਾਂ ਲੈ ਲਿਆ। ਗੁਰੂ ਪੰਥ ਦੇ ਵਿਚਾਰ ਦਾ ਕੇਵਲ ਸਿੱਧਾਂਤਕ ਪੱਖ ਹੀ ਨਹੀਂ ਸਗੋਂ ਸੰਸਥਾਈ ਧਿਰ ਵੀ ਹੈ। ਇਸ ਵਿਚਾਰ ਦਾ ਅਗਲਾ ਮਹੱਤਵ ਪੂਰਨ ਪੜਾਅ ਗੁਰੂ ਗੋਬਿੰਦ ਸਿੰਘ ਦਾ ਸੰਗਰਾਮੀ ਜੀਵਨ ਸੀ ਜਿਸ ਵਿਚ ਕਈ ਵਾਰੀ ਗੁਰੂ ਦਾ ਹੁਕਮ ਮੰਨਣ ਵਾਲੇ ਖਾਲਸੇ ਨੇ ਗੁਰੂ ਦੇ ਸੁਝਾਅ ਨੂੰ ਉਲਟਾ ਦਿਤਾ। ਇਸ ਤਰ੍ਹਾਂ ਪੰਥ ਵਿਚ ਗੁਰੂ ਜਿਹੀ ਬ੍ਰਹਮ-ਵਿਦਿਅਕ ਸ਼ਕਤੀ ਆ ਗਈ। ਪੰਥ ਗੁਰੂ ਵਰਗੀ ਸੰਸਥਾ ਹੋ ਗਿਆ। ਪੰਥ ਅਮਲੀ ਤੌਰ 'ਤੇ ਵੀ ਗੁਰੂ ਬਣ ਗਿਆ।

ਇਸ ਵਿਚਾਰ ਵਿਚ ਬੜੀ ਉਤਸ਼ਾਹ ਜਨਕ ਪ੍ਰੇਰਨਾ ਹੋ

ਸਕਦੀ ਹੈ। ਇਸਦਾ ਵਿਧਾਰਮਿਕ (secular) ਮਤਲਬ ਇਹ ਹੈ ਕਿ ਲੋਕ ਹੀ ਰੱਬ ਹਨ। ਬਹੁਤ ਸਾਰੇ ਮਾਨਵੀ ਚਿੰਤਕਾਂ ਨੇ ਮਨੁੱਖ ਦੀ ਵਡਿਆਈ ਦੱਸੀ ਹੋਈ ਹੈ। ਮੇਰਾ ਮਨੋਰਥ ਗੁਰੂ ਪੰਥ ਦੇ ਵਿਚਾਰ ਦਾ ਕਿਸੇ ਚਿੰਤਕ ਦੇ ਮਨੁਖ ਸੰਬੰਧੀ ਵਿਕਲਪ ਨਾਲ ਮੁਕਾਬਲਾ ਕਰਨਾ ਨਹੀਂ ਸਗੋਂ ਇਸ ਦੀਆਂ ਇਤਿਹਾਸਕ ਖੂਬੀਆਂ ਬਾਰੇ ਇਸ਼ਾਰਾ ਕਰਨਾ ਹੈ। ਇਸ ਵਿਚਾਰ ਅਨੁਸਾਰ ਬੰਦੇ ਨੂੰ ਰੱਬ ਕਹਿਣਾ ਬਿਲਕੁਲ ਦਰੁਸਤ ਹੈ। ਗੁਰੂ ਪੰਥ ਦੇ ਵਿਚਾਰ ਵਿਚ ਸੰਸਥਾਈ ਯਥਾਰਥ ਵੀ ਹੈ, ਜਿਸ ਨੂੰ ਆਮ ਤੌਰ 'ਤੇ ਹਰ ਸਮਾਜ ਲੁਕਾਣ ਦੀ ਕੋਸ਼ਿਸ਼ ਕਰਦਾ ਹੈ। ਉਹ ਇਹ ਹੈ ਕਿ ਭਾਵੇਂ ਕੋਈ ਸਮਾਜ ਜਾਂ ਕਿਸੇ ਧਰਮ ਦੇ ਪੈਰੋਕਾਰ ਕੁਝ ਕਹੀ ਜਾਣ ਪਰ ਉਹ ਯਥਾਰਥ ਵਿਚ ਆਪਣੇ ਦੇਵ ਲੋਕ ਦੇ ਵਿਚਾਰ ਨੂੰ ਵਕਤ ਨਾਲ ਬਦਲਦੇ ਰਹਿੰਦੇ ਹਨ। ਗੁਰੂ ਪੰਥ ਦੇ ਵਿਚਾਰ ਵਿਚ ਅਜੇਹੀ ਪਰਦਾਪੋਸ਼ੀ ਦੀ ਲੋੜ ਨਹੀਂ। ਤੀਸਰੇ, ਇਸ ਵਿਚਾਰ ਦੀ ਸਭ ਤੋਂ ਜ਼ਿਆਦਾ ਪ੍ਰੇਰਨਾਜਨਕ ਖੂਬੀ ਇਹ ਹੈ ਕਿ ਇਹ ਵਿਚਾਰ ਕਿਸੇ ਚਿੰਤਕ ਦਾ ਨਹੀਂ, ਗੁਰੂ ਦਾ ਵੀ ਨਹੀਂ, ਸਗੋਂ ਸਾਧਾਰਨ ਸਿੱਖਾਂ ਦਾ ਹੈ। ਇਹ ਆਮ ਸਿੱਖਾਂ ਦੇ ਚਿੰਤਨ ਦੀ ਪ੍ਰਾਪਤੀ ਹੈ। ਸ਼ਾਇਦ ਦਮਨ-ਚੱਕਰ ਨੇ ਹੀ ਸਾਧਾਰਨ ਲੋਕਾਂ ਨੂੰ ਆਪਣੇ ਬਾਰੇ ਉਚੇ ਤੋਂ ਉਚਾ ਸੰਕਲਪ ਬਣਾਉਣ ਲਈ ਮਜ਼ਬੂਰ ਕੀਤਾ ਸੀ।

ਭਾਵੇਂ ਪਰੰਪਰਾ ਪ੍ਰੇਰਨਾ ਦਾ ਸੋਮਾਂ ਹੁੰਦੀ ਹੈ, ਪਰ ਇਸ ਨੂੰ ਜਿਉਂ ਦਾ ਤਿਉਂ ਸ੍ਵੀਕਾਰ ਨਹੀਂ ਕੀਤਾ ਜਾ ਸਕਦਾ। ਸ੍ਵੀਕਾਰ ਕਰਨ ਦਾ ਮਤਲਬ ਇਹ ਨਹੀਂ ਕਿ ਮਿਸਾਲ ਵਜੋਂ ਗੁਰੂ ਪੰਥ ਦੇ ਵਿਚਾਰ ਦੀ ਪੜਚੋਲ ਕੀਤੀ ਜਾਵੇ, ਇਸ ਦੇ ਬਾਰੇ ਕੁਝ ਚੰਗੀਆਂ ਗੱਲਾਂ ਕਹੀਆਂ ਜਾਣ ਅਤੇ ਅਣ-ਇਤਿਹਾਸਕ ਊਣਤਾਈਆਂ ਦਾ ਜ਼ਿਕਰ ਕਰਕੇ ਮਗਰੋਂ ਹੱਥ ਤੇ ਹੱਥ ਬਹਿ ਜਾਣਾ ਹੈ। ਪਰੰਪਰਾ ਨੂੰ ਸ੍ਵੀਕਾਰ ਕਰਨ ਦਾ ਮਤਲਬ ਕਿਸੇ ਜਿੰਮੇਂਵਾਰੀ ਨੂੰ ਸੰਭਾਲਣਾ ਹੈ, ਇਸ ਦੇ ਗੁਝੇ ਚਿੰਤਨ ਨੂੰ ਵਿਕਸਿਤ ਕਰਨਾ ਹੈ ਅਤੇ ਇਸ ਦੇ ਲੁਕਵੇਂ ਅਰਥਾਂ ਤੇ ਖੁਲ੍ਹ ਕੇ ਅਮਲ ਕਰਨਾ ਹੈ।

'ਸਮਤਾ' ਮੇਰੇ ਅਮਲ ਦਾ ਖੇਤਰ ਤਾਂ ਨਹੀਂ ਹੋ ਸਕਦਾ ਪਰ ਚਿੰਤਨ ਬਾਰੇ ਕਹਿਣ ਦੀ ਥਾਂ ਇਸ ਦੇ ਬਾਰੇ ਕੁਝ ਕੀਤਾ ਜਾ ਸਕਦਾ ਹੈ। ਗੁਰੂ ਪੰਥ ਦੇ ਵਿਚਾਰ ਦਾ ਇਹ ਵੀ ਸਿੱਟਾ ਸੀ ਕਿ ਖਾਲਸਾ ਕਿਸੇ ਦੇ ਅਧੀਨ ਨਹੀਂ ਹੋ ਸਕਦਾ, ਸਗੋਂ ਖ਼ੁਦਮੁਖਤਾਰ ਹੋਵੇਗਾ। ਇਸ ਵਿਚਾਰ ਦਾ ਸਿਆਸੀ ਰੂਪ 'ਹੰਨੇ ਹੰਨੇ ਮੀਰੀ' ਸੀ। ਇਸ ਦਾ ਮਤਲਬ ਇਹ ਹੈ ਕਿ ਸਿੱਖ ਰੱਈਅਤ ਨਹੀਂ ਹੋ ਸਕਦੇ ਹਨ ਸਿਰਫ ਰਾਜੇ ਹੀ ਹੋ ਸਕਦੇ ਹਨ। ਇਸ ਵਿਚਾਰ ਦਾ ਵਿਅੰਗ ਮਹਾਰਾਜਾ ਰਣਜੀਤ ਸਿੰਘ ਵਿਚ ਪ੍ਰਗਟ ਹੋਇਆ। ਸਾਰੇ ਸਿੱਖ ਰਾਜੇ ਤਾਂ ਨਾ ਹੋਏ ਸਗੋਂ ਸਾਰੇ ਸਿੱਖਾਂ ਦਾ ਇਕ ਰਾਜਾ ਹੋ ਗਿਆ। ਇਸ ਦਾ ਅਰਥ ਇਹ ਵੀ ਹੈ ਕਿ ਲੋਕ ਰਾਜੇ ਨਹੀਂ ਹੋ ਸਕਦੇ, ਲੋਕਾਂ ਨੂੰ ਰਾਜੇ ਹੋਣ ਦੀ ਕਾਮਨਾ ਵੀ ਨਹੀਂ ਕਰਨੀ ਚਾਹੀਦੀ, ਲੋਕ ਕੇਵਲ ਲੋਕਤੰਤਰ ਹੀ ਸਥਾਪਿਤ ਕਰ ਸਕਦੇ ਹਨ, ਜਿਹੜਾ 18ਵੀਂ 19ਵੀਂ ਸਦੀ ਦੇ ਸਿੱਖਾਂ ਲਈ ਸੰਭਵ ਨਹੀਂ ਸੀ। ਪਰ ਇਸ ਵਿਚਾਰ ਦੇ ਗੁਝੇ-ਅਰਥਾਂ ਦਾ ਅੱਜ ਦੀ ਰਾਜਨੀਤੀ ਨਾਲ ਸੰਬੰਧ ਖਤਮ ਨਹੀਂ ਹੋਇਆ। ਅੱਜ ਵੀ ਅਜੇਹਾ ਲੋਕਤੰਤਰ ਕਾਇਮ ਕਰਨਾ ਰਹਿੰਦਾ ਹੈ ਜਿਸ ਵਿਚ ਲੋਕ ਹੀ ਰੱਬ ਹੋਣ। ਭਾਵੇਂ ਇਸ ਗੱਲ 'ਤੇ ਇਸ ਮੌਕੇ 'ਤੇ ਵਿਚਾਰ ਨਹੀਂ ਹੋ ਸਕਦਾ ਕਿ ਸਮਾਜਵਾਦ ਵਿਚ ਹੀ ਅਜੇਹਾ ਲੋਕ ਰਾਜ ਕਾਇਮ ਹੋ ਸਕਦਾ ਹੈ ਜਿਸ ਵਿਚ ਲੋਕ ਰੱਬ ਹੋ ਸਕਦੇ ਹਨ। ਇਸ ਦ੍ਰਿਸ਼ਟੀਕੋਣ ਤੋਂ ਅੱਜ ਦੇ ਸਮਾਜਵਾਦੀ ਦੇਸ਼ਾਂ ਵਿਚ ਆਈਆਂ ਸਿਆਸੀ ਊਣਤਾਈਆਂ ਦੀ ਵੀ ਪੜਚੋਲ ਕੀਤੀ ਜਾ ਸਕਦੀ ਹੈ।

ਉਪਰੋਕਤ ਦਲੀਲ ਤੋਂ ਇਹ ਵੀ ਪ੍ਰਤੱਖ ਹੈ ਕਿ ਅਸੀਂ ਪਰੰਪਰਾ ਬਾਰੇ ਅਜੇਹਾ ਰਵੱਈਆ ਨਹੀਂ ਅਪਣਾ ਸਕਦੇ ਕਿ ਅਸੀਂ ਇਹ ਕਹਿਣ ਲਗ ਜਾਈਏ ਕਿ ਮਨੁੱਖ ਦਾ ਉਚੇ ਤੋਂ ਉੱਚਾ ਆਦਰਸ਼ 18ਵੀਂ ਸਦੀ ਦੇ ਸਿੱਖਾਂ ਨੇ ਪ੍ਰਾਪਤ ਕਰ ਲਿਆ ਸੀ ਅਤੇ ਹੁਣ ਸਿੱਖ ਇਤਿਹਾਸ ਦੀ ਬੱਲੇ ਬੱਲੇ ਕਰ ਕੇ ਇਹ ਕਹਿਣ ਲਗ ਜਾਈਏ ਕਿ ਭਵਿੱਖ ਵਿਚ ਸਾਡੇ ਵਲੋਂ ਕਿਸੇ ਉਦਮ ਦੀ ਲੋੜ ਨਹੀਂ। ਅਸੀਂ ਤਾਂ ਪਰੰਪਰਾ ਤੋਂ ਭਵਿੱਖ ਦੇ ਆਦਰਸ਼ ਲਈ ਅਮਲੀ ਉਤਸ਼ਾਹ ਲੈਣਾ ਹੈ। ਅਸੀਂ ਭੂਤ ਦੀ ਪੂਜਾ ਨਹੀਂ ਕਰਨੀ ਸਗੋਂ ਭੂਤਕਾਲ ਨੂੰ ਭਵਿੱਖ ਲਈ ਇਸਤੇਮਾਲ ਕਰਨਾ ਹੈ।

ਮੈਂ ਪਰੰਪਰਾ ਪ੍ਰਤੀ ਪਹੁੰਚ ਬਾਰੇ ਇਕ ਹੀ ਉਦਾਹਰਣ ਦਿਤਾ ਹੈ ਅਤੇ ਇਸ ਦਾ ਵੇਲੇ ਦੀ ਲੋੜ ਅਨੁਸਾਰ ਵਿਸਤਾਰ ਕੀਤਾ ਹੈ। ਇੰਨੇ ਨਾਲ ਸਾਡੀ ਪਰੰਪਰਾ ਮੁੱਕ ਨਹੀਂ ਜਾਂਦੀ ਅਤੇ ਇਸ ਵਿਚੋਂ ਹੋਰ ਕਈ ਪ੍ਰੇਰਨਾ ਜਨਕ ਅੰਸ਼ ਲੱਭੇ ਜਾ ਸਕਦੇ ਹਨ। ਲੋੜ ਤਾਂ ਇਸ ਗੱਲ ਦੀ ਹੈ ਕਿ ਪਰੰਪਰਾ ਦੇ ਵੱਖਰੇ ਵੱਖਰੇ ਪੱਖਾਂ 'ਤੇ ਨਿਯਮਬਧ ਵਿਚਾਰ ਅਤੇ ਸੰਸਥਾਈ ਤਰੀਕੇ ਨਾਲ ਅਸਲ ਕੀਤਾ ਜਾਵੇ। ਇਸ ਪੜਾਅ 'ਤੇ ਮੈਂ ਕੰਮਜਰਫ਼ੀ ਦਖਾਉਂਦਾ ਹੋਇਆ ਆਪਣੀ ਹੀ ਛਪ ਰਹੀ ਕਿਤਾਬ 'ਪਰੰਪਰਾ ਅਤੇ ਪ੍ਰਗਤੀਵਾਦ : ਬਾਣੀ ਦਾ ਅਜੋਕੀ ਕਵਿਤਾ ਲਈ ਮਹੱਤਵ' ਦਾ ਜ਼ਿਕਰ ਇਸ ਕਰਕੇ ਕਰਦਾ ਹਾਂ ਕਿਉਂਕਿ ਸਰਦਾਰ ਗੁਰਸ਼ਰਨ ਸਿੰਘ ਇਸ ਦੇ ਪ੍ਰਕਾਸ਼ਕ ਹਨ। ਅਸਿੱਧੇ ਤਰੀਕੇ ਨਾਲ ਇਹ ਵੀ ਸਰਦਾਰ ਗੁਰਸ਼ਰਨ ਸਿੰਘ ਦੀ ਪ੍ਰਾਪਤੀ ਹੈ ਜਿਸ ਦਾ ਮੈਂ ਆਰੰਭ ਵਿਚ ਜਿਕਰ ਨਹੀਂ ਕਰ ਸਕਦਾ ਸਾਂ। ਪਰ ਮੈਂ ਪਾਠਕਾਂ ਨੂੰ ਪਹਿਲਾਂ ਵੀ ਦੱਸ ਸਕਦਾ ਹਾਂ ਕਿ ਮੋਟੇ ਤੌਰ ਉਤੇ ਪੁਸਤਕ ਵਿਚ ਹੈ ਕੀ ?

ਅਜੋਕੀ ਕਵਿਤਾ ਵਿਸ਼ੇਸ਼ ਕਰਕੇ ਪ੍ਰਗਤੀਵਾਦੀ ਕਵਿਤਾ ਵਿਚ ਦੋ ਤਿੰਨ ਚੀਜ਼ਾਂ ਦੀ ਸਖਤ ਲੋੜ ਹੈ ਅਤੇ ਇਸ ਲੋੜ

ਨੂੰ ਪੂਰਾ ਕਰਨ ਦਾ ਵੇਲਾ ਵੀ ਆ ਗਿਆ ਹੈ। ਸਾਨੂੰ ਆਪਣੀ ਕਵਿਤਾ ਵਿਚ ਚਿੰਤਨ ਨੂੰ ਡੂੰਘਾ ਕਰਨਾ ਹੈ। ਦੂਜਾ, ਆਪਣੇ ਪ੍ਰਗਤੀਵਾਦੀ ਚਿੰਤਨ ਨੂੰ ਸਿਰਜਣਾ ਵਿਚ ਨਿਭਾਉਣਾ ਹੈ। ਤੀਜਾ, ਨਿੱਤ ਦੇ ਅਨੁਭਵ ਦਾ ਪ੍ਰਗਤੀਵਾਦੀ ਵਿਸ਼ਲੇਸ਼ਣ ਕਰਨਾ ਹੈ। ਚੌਥਾ, ਆਪਣੀ ਸਿਰਜਣਾ ਵਿਚ ਚਿੰਤਨ ਨੂੰ ਨਿਭਾਉਣ ਦੀ ਯੋਗ ਜੁਗਤ ਪੈਦਾ ਕਰਨੀ ਹੈ। ਪੰਜਵਾਂ, ਆਪਣੀ ਸਿਰਜਣਾ ਨੂੰ ਰਾਜਨੀਤੀ ਦੇ ਸੰਸਥਾਈ ਉੱਦਮ ਨਾਲ ਜੋੜਨਾ ਹੈ। ਛੇਵਾਂ, ਅਵਸਰ-ਹੇਤ ਕਵਿਤਾ (occasional poetry) ਦੀਆਂ ਜ਼ਰੂਰੀ ਸ਼ਰਤਾਂ ਨੂੰ ਸਮਝਣਾ ਹੈ ਤਾਂ ਜੋ ਸਾਡੀ ਸਿਰਜਣਾ ਲੋਕਾਂ ਦੀ ਰਾਜਨੀਤੀ ਅਤੇ ਭਵਿਖ ਦੇ ਕੰਮ ਆ ਸਕੇ।

ਇਸ ਵਿਚ ਸ਼ਕ ਨਹੀਂ ਕਿ ਅਸੀ ਆਪਣੀ ਪਰੰਪਰਾ ਦੇ ਘੋਖਣ ਦਾ ਆਰੰਭ ਹੀ ਕੀਤਾ ਹੈ। ਇਸ ਦੇ ਬਾਰੇ ਅਸੀਂ ਆਪਣੀ ਪਹੁੰਚ ਨੂੰ ਹੋਰ ਵੀ ਵਿਕਸਿਤ ਕਰ ਸਕਦੇ ਹਾਂ ਅਤੇ ਪਰੰਪਰਾ ਦੀ ਸੰਜੀਵਨੀ ਵਿਸ਼ਾਲਤਾ ਲਈ ਨਿਯਮਬਧ ਤਰੀਕੇ ਨਾਲ ਕੰਮ ਕਰ ਸਕਦੇ ਹਾਂ। ਲੇਖ ਵਿਚ ਮੈਂ ਨਾ ਤਾਂ ਮਾਰਕਸਵਾਦੀ ਹੋਣ ਦਾ ਐਲਾਨ ਕਰਨ ਦੀ ਅਤੇ ਨਾ ਹੀ ਮਾਰਕਸਵਾਦੀ ਦ੍ਰਿਸ਼ਟੀ ਨੂੰ ਸਮਝਾਉਣ ਦੀ ਲੋੜ ਸਮਝੀ ਹੈ। ਸਗੋਂ ਪਰੰਪਰਾ ਦੇ ਇਕੋ ਅੰਸ਼ ਦੀ ਵਿਆਖਿਆ ਕੀਤੀ ਹੈ।

o

## ਦੋ ਅਨੁਵਾਦਿਤ ਕਵਿਤਾਵਾਂ

**ਜਾਰਜ ਮੈਂਗਾਕਿਫ਼**

### ਯੂਰਪੀ ਲੋਕਾਂ ਦੇ ਨਾਂ ਖਤ

(ਯੂਨਾਨ ਦੇ ਕਾਨੂੰਨ ਅਧਿਆਪਕ ਜਾਰਜ ਮੈਂਗਾਕਿਫ਼ ਵੱਲੋਂ 1970 ਵਿਚ ਜੇਲ੍ਹ 'ਚੋਂ ਲਿਖੇ ਖਤ ਦਾ ਇਕ ਭਾਗ)

ਮੈਂ ਤਸੀਹੇ ਦੇਣ ਵਾਲੇ ਦਾ ਚਿਹਰਾ
ਬੜਾ ਹੀ ਨੇੜਿਓਂ ਤੱਕਿਆ ਹੈ
ਉਹ ਚਿਹਰਾ
ਮੇਰੇ ਆਪਣੇ ਲਹੂ ਲੁਹਾਣ ਤੇ ਪੀਲੇ ਚਿਹਰੇ ਤੋਂ
ਕਈ ਦਰਜੇ ਬੁਰੇ ਹਾਲੀ ਸੀ
ਲੋਕਾਂ ਨੂੰ ਤਸੀਹੇ ਦੇਣਾ ਕੋਈ ਸੌਖਾ ਨਹੀਂ।
ਉਸ ਦਾ ਮੰਦ ਮੁਖੜਾ ਤੱਕਦਿਆਂ
ਮੈਂ ਬੜੀ ਸ਼ਰਮ ਮੰਨੀ

ਮੈਂ ਕਦੀ ਕਿਸੇ ਦੀ ਹੇਠੀ ਨਹੀਂ ਥੀਤੀ, ਜਦ ਕਿ
ਉਹ ਲੋਕ— ਜੋ ਤੁਹਾਨੂੰ ਪਲੀਤ ਕਰਿਆ ਕਰਦੇ ਹਨ
ਦਬਾਉਂਦੇ ਹਨ, ਕੁਚਲਦੇ ਹਨ
ਉਨ੍ਹਾਂ ਨੂੰ ਸਭ ਤੋਂ ਪਹਿਲਾਂ
ਅੰਦਰਲਾ ਮਨੁੱਖ ਕੁਚਲਣਾ ਪੈਂਦਾ ਹੈ

[ਅਨੁ. ਪਾਸ਼]

**ਰਜ਼ਾ ਬਰਹੇਲੀ**

### ਇਤਿਹਾਸ ਦੀ ਮਹਾਂਯਾਤਰਾ

(ਪ੍ਰੋ: ਰਜ਼ਾ ਬਰਹੇਲੀ ਤਹਿਰਾਨ ਯੂਨੀਵਰਸਿਟੀ ਵਿਚ ਅੰਗਰੇਜ਼ੀ ਦੇ ਅਧਿਆਪਕ ਹਨ। ਈਰਾਨ ਵਿਚ ਜਮਹੂਰੀ ਲਹਿਰ ਦੇ ਉਭਾਰ ਸਮੇਂ ਸ਼ਾਹ ਈਰਾਨ ਨੇ ਇਨ੍ਹਾਂ ਨੂੰ ਜੇਲ੍ਹ ਵਿਚ ਸੁੱਟ ਦਿਤਾ ਸੀ।)

ਅਦੀਬੀ ਜਦ ਤੁਰਦਾ ਹੈ
ਤਾਂ ਠੀਕ ਚੰਗੇਜ਼ ਖਾਂ ਵਾਂਗ ਲਗਦਾ ਹੈ
ਜਦ ਉਹ ਤਾਜ਼ਾ ਲਾਸ਼ਾਂ ਦੇ ਢੇਰ ਤੇ ਤੁਰਦਾ ਹੈ

ਖਾਨ ਵੀ ਆਪਣੇ ਦੰਦ ਨਹੀਂ ਸੀ ਸਾਫ ਕਰਦਾ
ਖਾਨ ਵੀ ਡਕਾਰ ਲੈਂਦਾ ਸੀ
ਖਾਨ ਵੀ ਇੰਜੇ ਹੀ ਆਪਣੀਆਂ ਜੁੱਤੀਆਂ ਨਹੀਂ ਸੀ
ਲਾਹੁੰਦਾ ਹੁੰਦਾ
ਅੱਜ ਅਦੀਬੀ ਨੇ ਵੀਹਾਂ ਕਵੀਆਂ ਦੇ ਮੂੰਹ ਸਿਉਂਤੇ ਹਨ।
ਅੱਜ ਅਦੀਬੀ ਨੇ ਸਿਉਂ ਦਿੱਤੇ ਨੇ
ਵੀਹ ਕਵੀਆਂ ਦੇ ਮੂੰਹ,
ਪਰ ਅਦੀਬੀ ਟਾਈ ਲਾਉਂਦਾ ਹੈ
ਜੋ ਕੰਮ ਚੰਗੇਜ਼ ਖਾਂ ਨੇ ਕਦੀ ਨਹੀਂ ਸੀ ਕੀਤਾ
ਬੱਸ—ਸਿਰਫ ਇਹੀ ਚੀਜ਼
ਆਭਾਸ ਦੇਂਦੀ ਹੈ
ਸਮੇਂ ਦੇ ਛਾਂਗੇ—ਲੰਮੇ ਪੈਂਡੇ ਦਾ

o

ਇਕਾਂਗੀ

# ਹਾਥੀ ਦਾ ਬੱਚਾ

*

## ਬਰਤੋਲਤ ਬਰੈਖਤ

[ਥੀਏਟਰ : ਰਬੜ ਦੇ ਰੁਖ ਹੇਠ ਇਕ ਚਬੂਤਰਾ। ਸਾਹ-ਮਣੇ ਕੁਝ ਕੁਰਸੀਆਂ । ਇਹ ਥੀਏਟਰ ਪਾਸਿਓਂ ਵਖਾਈ ਦੇ ਰਿਹਾ ਹੈ ਜਿਸ 'ਚ ਅਸੀਂ ਦੋਵੇਂ ਪਾਸੇ, ਪਰਦੇ ਦੇ ਪਿਛੇ ਤੇ ਸਾਹਮਣੇ ਵੀ ਵੇਖ ਸਕਦੇ ਹਾਂ।]

ਪੌਲੀ : (ਪਰਦੇ ਦੇ ਸਾਹਵੇਂ ਆ ਕੇ) ਦੋਸਤੋ, ਨਾਟਕ ਦਾ ਨਸ਼ਾ ਤੁਹਾਡੇ 'ਤੇ ਪੂਰੀ ਤਰ੍ਹਾਂ ਛਾ ਜਾਵੇ, ਇਸ ਲਈ ਤੁਹਾਨੂੰ ਬੇਨਤੀ ਹੈ ਕਿ ਤੁਸੀਂ ਜੀ ਭਰਕੇ ਬੀੜੀ-ਸਿਗਰਟ ਪੀਓ। ਅਜ ਦੇ ਇਸ ਨਾਟਕ 'ਚ ਦੁਨੀਆਂ ਦਾ ਅਦਨਾ ਕਲਾਕਾਰ ਹੈ। ਉਥੇ ਪਿਆਲਿਆਂ 'ਚ ਨਸ਼ਾ ਬੇਕਰਾਰ ਏ ਤੇ ਕੁਰਸੀਆਂ 'ਚ ਆਰਾਮ ਬਰ-ਕਰਾਰ। ਨਾਟਕ ਦੇ ਮਸਲਿਆਂ 'ਤੇ ਬਾਜ਼ੀ ਲੱਗੇਗੀ, ਸ਼ਰਤ ਲੱਗੇਗੀ। ਐਨਾ ਹੀ ਨ੍ਹੀਂ, ਓਧਰ ਤੁਸੀਂ ਸ਼ਰਤ ਲਾਉਗੇ ਤੇ ਇਧਰ ਅਸੀਂ ਪਰਦਾ ਸੁੱਟਾਂਗੇ। ਤੇ ਹਾਂ, ਮਿਹਰਬਾਨੀ ਕਰਕੇ ਪਿਆਨੋ ਵਜਾਣ ਵਾਲੇ ਦੇ ਸਿਰ 'ਤੇ ਕੁਝ ਨਾ ਵਗਾਹ ਮਾਰਿਓ। ਉਹ ਵਿਚਾਰਾ ਪੂਰੀ ਕੋਸ਼ਿਸ਼ ਨਾਲ ਵਜਾ ਰਿਹੈ। ਜੇ ਕਿਸੇ ਨੂੰ ਨਾਟਕ ਦੀ ਗੱਲ ਸਮਝ ਨਾ ਆਵੇ, ਤਾਂ ਗੁੱਸਾ ਖਾਣ ਜਾਂ ਔਖੇ ਹੋਣ ਦੀ ਕੋਈ ਗੱਲ ਨਹੀਂ, ਕਿਉਂਕਿ ਏਹ ਨਾਟਕ ਸਮਝ ਦੇ ਦਾਇਰੇ ਤੋਂ ਜ਼ਰਾ ਕੁ ਬਾਹਰ ਹੈ। ਅਤੇ ਫਿਰ ਸਿਰਫ ਸਮਝਣ ਲਾਇਕ ਚੀਜ਼ਾਂ ਵੇਖਣ 'ਚ ਹੀ ਤੁਹਾਨੂੰ ਮਜ਼ਾ ਆਉਂਦਾ ਹੈ ਤਾਂ ਹਮਾਮ 'ਚ ਜਾਓ। ਇਥੇ ਕਿਉਂ ਆਏ ਜੇ ? ਕਿਉਂ, ਜਨਾਬ ! ਤੁਹਾਡੇ ਪੈਸੇ ਤਾਂ ਕਿਸੇ ਸ਼ਰਤ 'ਤੇ ਵਾਪਸ ਨਹੀਂ ਮੋੜੇ ਜਾਣੇ। ਏਹ ਨੇ ਸਾਡੇ ਕਾਮਰੇਡ ਜਿਪ, ਜਿਹਨਾਂ ਨੂੰ ਜੈਕੀ ਦਾ, ਹਾਥੀ ਦੇ ਬੱਚੇ ਦਾ ਰੋਲ ਅਦਾ ਕਰਨ ਦਾ ਸੁਨਹਿਰੀ ਮੌਕਾ ਮਿਲਿਆ ਹੈ। ਤੁਸੀਂ ਸੋਚਦੇ ਹੋਵੋਗੇ ਕਿ ਕੰਮ ਤਾਂ ਡਾਢਾ ਔਖਾ ਹੈ ਹੋਊ ਕਿਵੇਂ ? ਮੇਰੇ ਕੋਲ ਇਕੋ ਹੀ ਜੁਆਬ ਏ। ਕਲਾਕਾਰ 'ਚ ਹਰ ਵੱਡੇ ਤੋਂ ਵੱਡੀ ਚੀਜ਼ ਕਰਨ ਦਾ ਗੁਣ ਹੋਣਾ ਚਾਹੀਦੈ ! ਇਕ ਲਗਨ ਹੋਣੀ ਚਾਹੀਦੀ ਏ !!

ਫ਼ੌਜੀ—(ਸਾਹਮਣਿਓ) ਸ਼ਾਵਾ, ਬਹੁਤ ਖੂਬ !

ਪੌਲੀ—ਤੇ ਜਿਵੇਂ ਮਹੋਨੀ ਨਿੱਕੇ ਜੈਕੀ ਦੀ ਮਾਂ ਦਾ ਰੋਲ ਕਰੇਗੀ। ਯੂਰਾਇਆ ਸ਼ੈਲੀ, ਕੌਮਾਂਤਰੀ ਘੁੜ-ਦੌੜ ਮੁਕਾਬਲੇ ਦੀ ਮਾਹਰ ਸਮੀਖਿਅਕ, ਚੰਦਾ ਮਾਮਾ ਦਾ ਰੋਲ ਅਦਾ ਕਰੇਗੀ। ਅਤੇ ਤੁਹਾਨੂੰ ਮੇਰੀ ਯਾਨੀ ਪੌਲੀ ਬੇਕਰ ਦੀ ਕਲਾ ਵੇਖਣ ਦਾ ਮੌਕਾ ਮਿਲੇਗਾ। ਕੇਲੇ ਦੇ ਰੁਖ ਦਾ ਰੋਲ ਵੀ ਮੈਂ ਨਿਭਾਵਾਂਗਾ।

ਫ਼ੌਜੀ—ਓ ਬਸ ਵੀ ਕਰ। ਦਸ ਸੈਂਟ ਦੇ ਬਦਲੇ ਇਹ ਬੇਹੂਦਾ ਬਕਵਾਸ। ਇਹ ਤਾਂ ਸਾਲਾ ਬੜਾ ਮਹਿੰਗਾ ਸੌਦਾ ਪਿਆ !

ਪੌਲੀ—ਦੇਖੋ ਜੀ, ਤੁਹਾਡੀਆਂ ਇਹਨਾਂ ਬੇਤੁਕੀਆਂ ਤੇ ਘਟੀਆ ਗੱਲਾਂ ਦਾ ਅਸਰ ਸਾਡੇ 'ਤੇ ਕੁਝ ਵੀ ਨਹੀਂ ਹੋਣ ਲਗਾ। ਖੈਰ, ਨਾਟਕ ਹਾਥੀ ਦੇ ਬੱਚੇ ਤੇ ਉਸ ਦੇ ਅਪਰਾਧਾਂ ਬਾਰੇ ਹੈ। ਮੈਂ ਇਹ ਗੱਲ ਪਹਿਲਾਂ ਹੀ ਦਸ ਦਿਤੀ ਤਾਂ ਜੋ ਮਗਰੋਂ ਸਾਡੇ ਕੰਮ 'ਚ ਵਿਘਣ ਨਾ ਪਏ।

ਯੂਰਾਇਆ—(ਪਰਦੇ ਪਿਛੋਂ) ਤੇਰਾ ਫ਼ਰਜ ਜੁ ਹੋਇਆ !

ਪੌਲੀ—ਪਤੈ ! ਮੇਰੇ 'ਕੱਲੇ ਦਾ ਰੋਲ ਪੜ੍ਹਿਆਂ ਐਨਾ ਹੀ ਪੱਲੇ ਪੈਂਦਾ, ਸਮਝੀ ? ਸੱਚ ਵੇਖਿਆ ਜਾਵੇ ਤਾਂ ਹਾਥੀ ਦਾ ਬੱਚਾ ਬੜਾ ਮਾਸੂਮ ਹੈ।

ਫ਼ੌਜੀ—(ਇਕ ਹੀ ਸੁਰ ਤੇ ਤਾਲ 'ਚ) ਓਏ ਓਏ ! ਅੱਗੇ ਵਧੋ ! ਅੱਗੇ ਵਧੋ ! ਅੱਗੇ ਵਧੋ !

ਯੂਰਾਇਆ—ਇਹ ਮੌਕਾ ਅਜੇਹੀਆਂ ਗੱਲਾਂ ਸੋਚਣ ਦਾ ਨਹੀਂ, ਕੁੱਦ ਪੈਣ ਦਾ ਏ।

ਪੌਲੀ—ਇਹ ਸਭ ਨਾਟਕ ਦੇ ਬੇਜਾਨ ਹੋਣ ਕਰਕੇ ਹੈ। ਜਿਵੇਂ, ਤੈਨੂੰ ਯਾਦ ਨਹੀਂ, ਅਸੀਂ ਇਸ ਨੂੰ ਥੀਏਟਰ ਹਾਲ 'ਚ ਖੇਡਿਆ ਸੀ ਤਾਂ ਕੀ ਹੋਇਆ ਸੀ ? ਅਤੇ ਸਾਡਾ ਪਾਰਟ ਭੁਲ ਜਾਣਾ, ਕਿੰਨੀ ਵੱਡੀ ਮੁਸੀਬਤ ਸੀ। ਹੈ ਨਾ ? ਜ਼ਰਾ ਰੁਕਿਓ, ਇਕ ਮਿੰਟ—ਮੈਂ ਬਾਥਰੂਮ ਜਾਣਾ ਚਾਹੁੰਦਾ ਹਾਂ । ਮੈਂ ਕੇਲੇ ਦਾ ਰੁਖ ਹਾਂ।

[ਪਰਦਾ ਉੱਠਦਾ ਹੈ।]

ਫ਼ੌਜੀ—ਆਖਰ ਖੁੱਲ ਹੀ ਗਿਆ।

ਪੌਲੀ—ਕੇਲੇ ਦਾ ਰੁਖ, ਮੈਂ ਜੰਗਲ ਦੀ ਅਦਾਲਤ ਦਾ ਮੈਜਿਸਟਰੇਟ ਹਾਂ। ਇਥੇ ਇਸ ਸੁੱਕੇ, ਸੁਨਸਾਨ ਮੈਦਾਨ 'ਚ ਖਲੋਤਾ ਹਾਂ। ਜਿਵੇਂ ਮੈਂ ਹਾਥੀਆਂ ਦੇ ਬਾਬਾ ਆਦਮ ਦੇ ਜ਼ਮਾਨੇ ਤੋਂ ਕਰਦਾ ਆ ਰਿਹਾ ਹਾਂ। ਕਦੀ ਕਦਾਈਂ, ਅਕਸਰ ਸ਼ਾਮ ਵੇਲੇ, ਚੰਨ ਮੇਰੇ ਕੋਲ ਸ਼ਿਕਾਇਤ ਲੈ ਕੇ ਆਉਂਦਾ ਹੈ। ਮਿਸਾਲ ਦੇ ਤੌਰ 'ਤੇ ਹਾਥੀ ਦੇ ਬੱਚੇ ਦੇ ਬਾਰੇ 'ਚ।

ਯੂਰਾਇਆ—ਐਨੀ ਛੇਤੀ ਨਹੀਂ। ਤੂੰ ਤਾਂ ਅੱਧਾ ਨਾਟਕ ਈ ਮੁਕਾ ਦਿਤਾ ਤੇ ਉਹ ਵੀ ਦਸਾਂ ਸੈਂਟਾਂ ਲਈ।

[ਉਹ—ਯਾਨੀ ਕਿ ਚੰਨ—ਉਭਰ ਆਉਂਦਾ ਹੈ।]

ਪੌਲੀ—ਓ ਚੰਨ, ਸੁਣਾ ਕੀ ਹਾਲ ਏ ? ਐਨੀ ਰਾਤ ਪਈ ਤੁਸੀਂ ਕਿਥੋਂ ਆ ਰਹੇ ਓ ?

ਯੂਰਾਇਆ—ਮੈਂ ਲਗਾਤਾਰ ਇਹ ਹਾਥੀ ਦੇ ਬੱਚੇ ਬਾਰੇ

ਸੁਣ ਰਿਹਾ ਹਾਂ।

ਪੌਲੀ—ਤਾਂ ਤੂੰ ਉਸ ਦੀ ਸ਼ਿਕਾਇਤ ਕਰਨ ਆਇਆ ਏਂ ?

ਯੂਰਾਇਆ—ਹਾਂ, ਹੋਰ ਕੀ ?

ਪੌਲੀ—ਹਾਂ, ਤਾਂ ਫੇਰ ਹਾਥੀ ਦੇ ਬੱਚੇ ਨੇ ਜੁਰਮ ਕੀਤਾ ਏ ?

ਯੂਰਾਇਆ—ਬਿਲਕੁਲ ! ਬਿਲਕੁਲ ਠੀਕ ਸਮਝਿਆ ਤੁਸੀਂ ! ਵਾਹ ਭਾਈ ! ਕੀ ਖੂਬੀ ਏ। ਐ ਹੋਈ ਨ ਜਾਣਕਾਰੀ। ਤੁਹਾਡੀਆਂ ਨਜ਼ਰਾਂ ਤੋਂ ਭਲਾ ਕੋਈ ਗੱਲ ਗੁੱਝੀ ਰਹਿ ਸਕਦੀ ਏ ?

ਪੌਲੀ—ਛੱਡੋ ਛੱਡੋ ਉਸਨੂੰ। ਤੂੰ ਕਹਿਣਾ ਚਹੁੰਦੈਂ ਕਿ ਹਾਥੀ ਦੇ ਬੱਚੇ ਨੇ ਆਪਣੀ ਮਾਂ ਦਾ ਕਤਲ ਕੀਤਾ ?

ਯੂਰਾਇਆ—ਜੀ, ਜੀ ਹਾਂ।

ਪੌਲੀ—ਤੇ ਉਹ ਬੜੀ ਬੁਰੀ ਗੱਲ ਏ ?

ਯੂਰਾਇਆ—ਬੁਰੀ ? ਨਹੀਂ ਜੀ ਬੁਰੀ ਨਹੀਂ ਭਿਆਨਕ ਕਹੋ ਭਿਆਨਕ।

ਪੌਲੀ—ਮੈਂ ਆਪਣੀ ਹਾਥੀ-ਦੰਦ ਦੇ ਫਰੇਮ ਵਾਲੀ ਐਨਕ ਕਿਥੇ ਰੱਖ ਲਈ ?

ਯੂਰਾਇਆ—ਤੁਸੀਂ ਤਾਂ ਬਸ—ਇਹ ਮੇਰੀ ਲੈ ਲਵੋ, ਵੇਖੋ ਖੌਰੇ ਤੁਹਾਨੂੰ ਠੀਕ ਆ ਜਾਵੇ।

ਪੌਲੀ—ਆ ਤਾਂ ਜਾਂਦੀ—ਪਰ ਇਸ 'ਚ ਵੀ ਸ਼ੀਸ਼ਾ ਕਿਥੇ ਏ ?

ਯੂਰਾਇਆ—ਓ ਭਰਾਵਾ, ਨ ਹੋਣ ਤੋਂ ਤਾਂ ਚੰਗਾ ਏ।

ਪੌਲੀ—ਇਸ ਫ਼ਿਕਰੇ 'ਤੇ ਵੀ ਹਾਸੀ ਨਹੀਂ ਵੇਖਿਆ ?

ਯੂਰਾਇਆ—ਹਾਂ ਤੁਹਾਨੂੰ ਵੀ ਹੈਰਾਨੀ ਹੋ ਰਹੀ ਏ। ਠੀਕ ਏ। ਮੈਂ ਇਸ ਦੀ ਸਾਰੀ ਜ਼ਿੰਮੇਵਾਰੀ ਚੰਨ 'ਤੇ—ਮੇਰਾ ਮਤਲਬ ਏ ਉਸ ਹਾਥੀ ਦੇ ਬੱਚੇ 'ਤੇ—ਪਾਉਂਦਾ ਹਾਂ।

[ਨਿੱਕਾ ਜੈਕੀ ਹੌਲੀ ਹੌਲੀ ਉਤਾਂਹ ਆਉਂਦਾ ਹੈ।]

ਪੌਲੀ—ਹੂੰ ਤਾਂ ਇਹ ਆ ਰਿਹਾ, ਛੈਲ ਛਬੀਲਾ ਹਾਥੀ ਦਾ ਬੱਚਾ। ਤੂੰ ਕਿਥੋਂ ਦਾ ਰਹਿਣ ਵਾਲਾ ਏਂ, ਓਏ।

ਗੈਲੀ—ਛੋਟੇ ਲੱਲਾ ਨਾਂ ਹੈ ਮੇਰਾ, ਮੈਂ ਹਾਂ ਹਾਥੀ ਦਾ ਬੱਚਾ। ਦਿਤਾ ਸਤ ਰਾਜਿਆਂ ਮੈਨੂੰ ਮਿਲ ਕੇ ਝੂਲਾ ਅੱਛਾ।

[ਚੰਨ ਹੱਸਦਾ ਹੈ।]

ਗੈਲੀ—ਇਸ 'ਚ ਹੱਸਣ ਵਾਲੀ ਕੀ ਗੱਲ ਏ ?

ਯੂਰਾਇਆ—ਤੂੰ ਪਹਿਲਾਂ ਆਪਣੀ ਗੱਲ ਪੂਰੀ ਕਰ ਖਾਂ।

ਗੈਲੀ—ਮੇਰਾ ਨਾਂ ਏ ਜੈਕੀ
ਅਪਣੇ ਰਾਹ ਦਾ ਮੌਜੀ।

ਪੌਲੀ—ਤਾਂ ਤੂੰ ਆਪਣੀ ਮਾਂ ਦੇ ਟੋਟੇ ਟੋਟੇ ਕਰ ਦਿਤੇ, ਹੈ ਨਾ ?

ਗੈਲੀ—ਨਹੀਂ, ਮੈਂ ਤਾਂ ਉਸਦੇ ਦੁਧ ਦੇ ਭਾਂਡੇ ਦੇ ਟੋਟੇ ਕੀਤੇ ਸਨ।

ਯੂਰਾਇਆ—ਤੇ ਉਸ ਨਾਲ ਉਸਦਾ ਸਿਰ ਭੱਜ ਗਿਆ, ਕਿਉਂ ?

ਗੈਲੀ—ਨਹੀਂ, ਨਹੀਂ, ਉਹ ਤਾਂ ਪੱਥਰ 'ਤੇ ਡਿੱਗੀ ਸੀ; ਚੰਨ।

ਪੌਲੀ—ਪਰ ਇਹ ਸਭ ਤੂੰ ਕੀਤਾ ਏ, ਤੇ ਇਹ ਉੱਨਾ ਈ ਸੱਚ ਏ, ਜਿੰਨਾ ਇਹ ਕਿ ਮੈਂ ਕੇਲੇ ਦਾ ਰੁਖ ਹਾਂ।

ਯੂਰਾਇਆ—ਤੇ ਉਨਾ ਹੀ ਠੀਕ ਜਿੰਨਾ ਕਿ ਮੈਂ ਇਕ ਚੰਨ ਹਾਂ, ਮੈਂ ਇਹ ਸਾਬਤ ਕਰ ਦਵਾਂਗਾ। ਮੇਰੀ ਪਹਿਲੀ ਗਵਾਹੀ ਇਹ ਔਰਤ ਏ।

[ਜੈਸੀ ਜੈਕੀ ਦੀ ਮਾਂ ਦੇ ਰੂਪ ਵਿਚ]

ਪੌਲੀ—ਇਹ ਕੌਣ ਏ ?

ਯੂਰਾਇਆ—ਮਾਂ।

ਪੌਲੀ—ਹਾਂ, ਅਗਰ ਮੰਨ ਲਵੋ ਤਾਂ ਵਧੀਆ ਗੱਲ ਏ।

ਯੂਰਾਇਆ—ਇਸ 'ਚ ਵਧੀਆ ਕੀ ਏ ?

ਪੌਲੀ—ਪਰ ਇਸ ਦਾ ਇਥੇ ਹੋਣਾ—ਕੁਝ ਗੜਬੜ ਜਾਪਦੈ—ਮੇਰਾ ਮਤਲਬ—

ਯੂਰਾਇਆ—ਕੋਈ ਗੜਬੜ ਨਹੀਂ।

ਪੌਲੀ—ਨਹੀਂ ? ਤਾਂ ਫੇਰ ਉਹ ਠਹਿਰ ਸਕਦੀ ਏ। ਪਰ ਸਬੂਤ ਮਿਲਣਾ ਜ਼ਰੂਰੀ ਏ। ਸਬੂਤ ਤਾਂ ਹੋਣਾ ਈ ਚਾਹੀਦੈ।

ਯੂਰਾਇਆ—ਹਾਂ, ਕਿਉਂ ਨਹੀਂ। ਤੁਸੀਂ ਅਦਾਲਤ ਦੇ ਹਾਕਮ ਜੇ।

ਪੌਲੀ—ਹਾਂ। ਤਾਂ ਫੇਰ ਹਾਥੀ ਦੇ ਬੱਚੇ ਸਾਬਤ ਕਰ ਕੇ ਤੂੰ ਆਪਣੀ ਮਾਂ ਦਾ ਕਤਲ ਨਹੀਂ ਕੀਤਾ।

ਫ਼ੇਜੀ—(ਸਾਹਮਣਿਓਂ) ਜਦ ਕਿ ਉਹ ਤੇਰੇ ਸਾਹਮਣੇ ਖਲੋਤੀ ਏ।

ਯੂਰਾਇਆ—(ਉਸੇ ਨੂੰ) ਹਾਂ, ਇਹੋ ਤਾਂ ਗੱਲ ਏ।

ਫ਼ੇਜੀ—ਸਾਲੀ ਸ਼ੁਰੂਆਤ ਈ ਕਿੰਨੀ ਠੰਡੀ ਤੇ ਬੇਹੂਦੀ ਏ। ਉਹ ਮਾਂ ਖ਼ੁਦ ਉਥੇ ਖਲੋਤੀ ਹੈ, ਇਹ ਕਹੀ ਜਾ ਰਹੇ ਨੇ ਕਿ—ਮੇਰਾ ਤਾਂ ਜੀ ਉਚਾਟ ਹੋ ਗਿਆ ਇਸ ਨਾਟਕ ਤੋਂ।

ਜੈਸੀ—ਮੈਂ ਇਸ ਹਾਥੀ ਦੇ ਬੱਚੇ ਦੀ ਮਾਂ ਹਾਂ। ਮੈਂ ਸ਼ਰਤ ਨਾਲ ਕਹਿ ਸਕਦੀ ਹਾਂ ਕਿ ਮੇਰਾ ਬੱਚਾ ਜੈਕੀ ਸਾਬਤ ਕਰ ਸਕਦਾ ਹੈ ਕਿ ਉਸਨੇ ਕਤਲ ਨਹੀਂ ਕੀਤਾ। ਕਰ ਸਕੇਂਗਾ ਨਾ ਮੇਰੇ ਜੈਕੀ ਪੁਤ ?

ਯੂਰਾਇਆ—ਤੇ ਮੈਂ ਸ਼ਰਤ ਲਾ ਸਕਦੀ ਹਾਂ ਕਿ ਉਹ ਇਹ ਸਾਬਤ ਨਹੀਂ ਕਰ ਸਕਦਾ। ਕਦੀਂ ਨਹੀਂ, ਕਦੀਂ ਨਹੀਂ। ਭਾਵੇਂ ਐਧਰ ਦੀ ਦੁਨੀਆਂ ਓਧਰ ਹੋ ਜਾਵੇ।

ਪੌਲੀ—(ਗਰਜਦਾ ਹੋਇਆ) ਪਰਦਾ।

[ਪਿੱਠ ਭੂਮੀ 'ਚ ਚਲੇ ਜਾਂਦੇ ਹਨ, ਖਾਮੋਸ਼। ਕਾਕਟੇਲ ਆਦਿ ਲਈ ਜ਼ੋਰ ਸ਼ੋਰ ਨਾਲ ਆਡਰ ਦੇਂਦੇ ਹਨ ! ਰੌਲੇ ਰੱਪੇ ਵਾਲੀਆਂ ਅਵਾਜ਼ਾਂ।]

ਪੌਲੀ—(ਪਰਦੇ ਦੇ ਪਿਛੋਂ)ਬੜਾ ਵਧੀਆ ਹੋਇਆ। ਜ਼ਰਾ ਵੀ ਰੌਲਾ ਨਹੀਂ ਪਿਆ।

ਗੈਲੀ—ਤਾਂ ਫੇਰ ਕਿਸੇ ਨੇ ਤਾੜੀਆਂ ਕਿਉਂ ਨਹੀਂ ਵਜਾਈਆਂ।

ਜੈਸੀ—ਹੋ ਸਕਦੈ ਦੰਗ ਰਹਿ ਗਏ ਹੋਣ।

ਯੂਰਾਇਆ—ਹਾਂ, ਦੰਗ ਰਹਿ ਗਏ! ਉਹਨਾਂ ਨੂੰ ਹੁਣੇਂ ਨੱਚਣ ਵਾਲੀਆਂ ਰੰਗੀਨ ਕੁੜੀਆਂ ਦੇ ਨੰਗੇ ਪੱਟ ਵਖਾਓ, ਤਾਂ ਖੁਸ਼ੀ 'ਚ ਪਾਗਲ ਹੋ ਕੇ ਬੈਂਚਾਂ ਤੱਕ ਤੋੜ ਸੁੱਟਣਗੇ। ਜਾ, ਸਟੇਜ ਤੇ ਜਾ। ਸਾਨੂੰ ਇਸ 'ਚ ਹੋਰ ਜਾਨ ਪਾਉਣੀ ਪਵੇਗੀ। ਜਾ, ਸ਼ਰਤ ਲਾ—

ਪੌਲੀ—(ਬਾਹਰ ਆ ਕੇ) ਸਾਹਿਬਾਨ—

ਫ਼ੌਜੀ—ਓਏ, ਬੰਦ ਕਰ ਬਕਵਾਸ। ਇੰਟਰਵਲ ਬੜਾ ਥੋੜਾ ਏ। ਪਹਿਲਾਂ ਸਾਨੂੰ ਅਰਾਮ ਨਾਲ ਪੀਣ ਤਾਂ ਦਿਓ। ਸਾਡੇ ਲਈ ਬਹੁਤ ਜ਼ਰੂਰੀ ਹੈ ਕਿ ਅਸੀਂ ਘਟੋ ਘੱਟ ਅਜੇਹੀ ਹਾਲਤ 'ਚ।

ਪੌਲੀ—ਮੈਂ ਸੋਚਿਆ ਸ਼ਾਇਦ ਤੁਸੀਂ ਸ਼ਰਤ ਲਾਉਣਾ ਪਸੰਦ ਕਰੋਗੇ। ਮੇਰਾ ਮਤਲਬ ਏ ਦੋਨਾਂ 'ਤੇ। ਮਾਂ ਤੇ ਜਾਂ ਚੰਨ ਤੇ।

ਫ਼ੌਜੀ—ਘਟੀਆ ਇਨਸਾਨ, ਸਾਲਾ! ਸਾਰੇ ਪੈਸੇ ਲੁੱਟਣ ਦੇ ਧੰਦੇ ਨੇ। ਤੇ ਸ਼ੁਰੂ 'ਚ ਤਾਂ ਕੋਈ ਖਾਸ ਗੱਲ ਹੁੰਦੀ ਹੀ ਨਹੀਂ।

ਪੌਲੀ—ਚੰਗਾ ਤਾਂ ਮਿਹਰਬਾਨ! ਜਿਹੜਾ ਬੰਦਾ ਮਾਂ ਦੀ ਤਰਫਦਾਰੀ ਕਰਨਾ ਚਾਹਵੇ, ਇਸ ਪਾਸੇ (ਕੋਈ ਨਹੀਂ ਆਉਂਦਾ), ਜੋ ਚੰਨ ਦਾ ਸਾਥ ਦੇਣਾ ਚਾਹੇ, ਉਹ ਇਸ ਪਾਸੇ। (ਕੋਈ ਸਾਹਮਣੇ ਨਹੀਂ ਆਉਂਦਾ। ਪੌਲੀ ਅੰਦਰ ਚਲਾ ਜਾਂਦਾ ਹੈ। ਬੜਾ ਬੇਚੈਨ।)

ਯੂਰਾਇਆ—(ਪਰਦੇ ਪਿਛੋਂ) ਕਿਸੇ ਨੇ ਸ਼ਰਤ ਲਾਈ?

ਪੌਲੀ—ਹਾਲੀ ਤਾਂ ਨਹੀਂ। ਸੋਚਦੇ ਹੋਣਗੇ ਚੰਗੀ ਗੱਲ ਅਗਾਂਹ ਆਉਗੀ। ਤੇ ਇਸੇ ਗੱਲੋਂ ਮੈਨੂੰ ਚਿੜ ਏ।

ਜੈਸੀ—ਬਸ ਪੀਂਦੇ ਈ ਜਾ ਰਹੇ ਨੇ! ਜਿਵੇਂ ਸੁਣਨਾ ਵੀ ਉਹਨਾਂ ਨੂੰ ਬਰਦਾਸ਼ਤ ਨਾਂ ਹੋਵੇ।

ਯੂਰਾਇਆ—ਕੁਝ ਗਾਣਾ ਵਜਾਣਾ ਚਾਹੀਦੈਂ। ਇਸ ਨਾਲ ਖ਼ੁਸ਼ ਹੋਣਗੇ।

ਪੌਲੀ—(ਝੂੰਝਲਾ ਕੇ) ਹੁਣ ਵਾਜੇ ਵੀ ਵਜਾਣੇ ਪੈਣਗੇ? ਵਜਾਓ ਜੀ,—। (ਪਰਦਾ ਖੁਲ੍ਹਦਾ ਹੈ) ਏਧਰ ਆਓ, ਚੰਨ, ਮਾਂ ਤੇ ਹਾਥੀ। ਹੁਣ ਤੁਸੀਂ ਵੇਖੋਗੇ, ਇਹ ਗੁਨਾਹ ਦੀ ਪਹੇਲੀ ਪੂਰੀ ਤਰ੍ਹਾਂ ਸੁਲਝਾਈ ਜਾਂਦੀ ਏ। (ਲੋਕਾਂ ਨੂੰ) ਤੇ ਤੁਸੀਂ ਵੀ। (ਜੈਕੀ ਨੂੰ) ਤੂੰ ਇਹ ਸੱਚਾਈ ਆਖਰ ਕਿਵੇਂ ਲੁਕਾਏਂਗਾ ਕਿ ਤੂੰ, ਪਾਲ ਜੈਕੀ ਨੇ, ਆਪਣੀ ਪਿਆਰੀ ਮਾਂ ਦਾ ਕਤਲ ਕੀਤਾ ਹੈ?

ਗੈਲੀ—ਮੈਂ—ਮੈਂ ਕਤਲ ਕਿਵੇਂ ਕਰ ਸਕਦਾ ਸਾਂ? ਇਕ ਕੁੜੀ—ਇਕ ਦੁਬਲੀ ਪਤਲੀ ਜਿਹੀ ਕੁੜੀ।

ਪੌਲੀ—ਅੱਛਾ, ਤਾਂ ਇਹ ਗੱਲ ਏ। ਤਾਂ ਫੇਰ ਮੈਂ ਇਹ ਕਹਿੰਦਾਂ ਕਿ ਤੂੰ, ਪਾਲ ਜੈਕੀ, ਕੁੜੀ ਹੀ ਨਹੀਂ ਏਂ! ਤੇ ਇਹ ਹੈ ਮੇਰਾ ਪਹਿਲਾ ਸਬੂਤ। ਮੈਨੂੰ ਆਪਣੇ ਬਚਪਨ ਦੀ ਇਕ ਵਾਹਿਆਤ ਕਹਾਣੀ ਯਾਦ ਆ ਰਹੀ ਹੈ, ਜਿਹੜੀ ਮੈਂ ਵ੍ਹਾਈਟ ਚੈਪਲ ਤੋਂ ਸੁਣੀ ਸੀ—

ਫ਼ੌਜੀ—ਦੱਖਣੀ ਪੰਜਾਬ, ਦੱਖਣੀ ਪੰਜਾਬ।

ਪੌਲੀ—ਦੱਖਣੀ ਪੰਜਾਬ। ਹਾਂ, ਤਾਂ ਇਹ ਆਦਮੀ ਓਥੇ ਰਹਿੰਦਾ ਸੀ, ਤਾਂ ਕਿ ਉਸਨੂੰ ਜੰਗ 'ਚ ਨਾ ਜਾਣਾ ਪਵੇ। ਇਕ ਹਵਾਲਦਾਰ ਗੋਲੀ ਲੈ ਕੇ ਆਇਆ ਤੇ ਉਹ ਗੋਲੀ ਉਸ ਨੇ ਕੁੜੀ ਦੀ ਗੋਦ ਵਿਚ ਸੁੱਟੀ। ਉਸ ਗੋਲੀ ਨੂੰ ਘੱਗਰੇ 'ਚ ਫੜਨ ਲਈ ਉਸਨੇ ਆਪਣੇ ਪੈਰ ਨਹੀਂ ਖੋਹਲੇ, ਜਿਵੇਂ ਕੁੜੀਆਂ ਕਰਦੀਆਂ ਹਨ। ਹਵਾਲਦਾਰ ਸਮਝ ਗਿਆ ਕਿ ਇਹ ਔਰਤ ਨਹੀਂ ਆਦਮੀ ਹੈ। ਜਿਵੇਂ ਕਿ—(ਉਹ ਇਹ ਹਕੀਕਤ ਪੇਸ਼ ਕਰਦੇ ਹਨ) ਵੇਖਿਆ ਤੁਸੀਂ? ਇਹ ਹਾਥੀ ਦਾ ਬੱਚਾ ਇਕ ਮਰਦ ਹੈ।

[ਪਰਦਾ ਡਿਗਦਾ ਹੈ। ਬੜੀ ਹੌਲੀ ਤਾੜੀਆਂ।]

ਪੌਲੀ—ਸੁਣੋ, ਸੁਣੋ! ਹੁਣ ਅਸੀਂ ਤੁਹਾਡੇ ਸਾਹਮਣੇ ਆਪਣਾ ਸ਼ਾਨਦਾਰ ਸੀਨ ਪੇਸ਼ ਕਰਦੇ ਹਾਂ। ਪਰਦਾ ਚੁੱਕੋ! ਆ ਕੇ ਨਮਸਕਾਰ ਕਰੋ!

[ਅਦਾਕਾਰ ਆ ਕੇ ਨਮਸਕਾਰ ਕਰਦੇ ਹਨ, ਪਰਦਾ ਡਿਗਦਾ ਹੈ। ਕੋਈ ਤਾੜੀ ਨਹੀਂ ਵਜਦੀ।]

ਯੂਰਾਇਆ—ਉਹ ਆਪਣੇ ਦਿਲ ਵਿਚ ਨਫ਼ਰਤ ਦੇ ਗੁਬਾਰ ਲਈ ਬੈਠੇ ਨੇ। ਅਸੀਂ ਉਹਨਾਂ ਨੂੰ ਖ਼ੁਸ਼ ਨਹੀਂ ਕਰ ਸਕਦੇ।

ਜੈਸੀ—ਸਾਨੂੰ ਨਾਟਕ ਇਥੇ ਹੀ ਬੰਦ ਕਰਨਾ ਪਵੇਗਾ ਤੇ ਉਹਨਾਂ ਦੇ ਪੈਸੇ ਵਾਪਸ ਕਰਨੇ ਪੈਣਗੇ। ਕਰੋ ਜਾਂ ਮਰੋ, ਇਕੋ ਹੀ ਰਾਹ ਏ। ਸਭ ਕੁਝ ਕਿੰਨਾ ਬਦਲ ਗਿਆ ਏ! ਜ਼ਰਾ ਬਾਹਰ ਝਾਕ ਕੇ ਤਾਂ ਵੇਖੋ।

ਯੂਰਾਇਆ—ਪੈਸੇ ਮੋੜ ਦਈਏ? ਕਦੀ ਨਹੀਂ! ਇੰਝ ਤਾਂ ਦੁਨੀਆਂ ਦਾ ਕੋਈ ਥੀਏਟਰ ਵੀ ਨਹੀਂ ਚੱਲ ਸਕਦਾ।

ਫ਼ੌਜੀ—ਕੱਲ ਤਿੱਬਤ 'ਤੇ ਚੜ੍ਹਾਈ। ਜਾਰਜ, ਤੈਨੂੰ ਪਤੈ? ਖੌਰੇ ਇਹ ਆਖਰੀ ਰਬੜ ਦੇ ਰੁਖ ਹੋਣ ਜਿਹਨਾਂ ਦੇ ਹੇਠ ਅਸੀਂ ਚਾਰ ਸੈਂਟ ਦਾ ਕਾਕਟੇਲ ਪੀ ਰਹੇ ਹਾਂ। ਜੰਗ ਲਈ ਮੌਸਮ ਵੀ ਠੀਕ ਨਹੀਂ। ਜੇ ਏਥੇ ਹੀ ਰੁਕ ਜਾਈਏ ਤਾਂ ਕਿਵੇਂ ਰਹੇ?

ਦੂਜਾ ਫ਼ੌਜੀ—ਕਿਉਂ ਨਾ ਅਸੀਂ ਖ਼ੁਦ ਗਾ ਕੇ ਜੀ ਪਰਚਾਈਏ। ਆਪਣਾ ਉਹੀ ਗਾਣਾ—

[ਫ਼ੌਜੀ ਕੋਈ ਪੁਰਾਣੀ ਧੁਨ ਗਾਉਂਦੇ ਹਨ।]

ਫ਼ੌਜੀ—ਵਾਹ ਬਈ ਵਾਹ।

[ਸਾਰੇ ਗਾਉਂਦੇ ਹਨ]

ਯੂਰਾਇਆ—ਹੁਣ ਤਾਂ ਉਹਨਾਂ ਨੇ ਆਪ ਈ ਗਾਉਣਾ ਸ਼ੁਰੂ ਕਰ ਦਿਤਾ। ਸਾਨੂੰ ਅਗਲਾ ਸੀਨ ਸ਼ੁਰੂ ਕਰਨਾ ਚਾਹੀਦੈ।

ਪੌਲੀ—ਕੀ ਕਰਦੈ ਮੈਂ ਵੀ ਉਹਨਾਂ 'ਚ ਜਾ ਰਲਾ। ਗਾਣਾ ਬੜਾ ਮਜ਼ੇਦਾਰ ਏ। ਸਾਨੂੰ ਵੀ ਕੋਈ ਅਜੇਹੀ ਚੀਜ਼ ਸੋਚਣੀ ਚਾਹੀਦੀ ਹੈ। ਚਲੋ ਸ਼ੁਰੂ ਕਰੋ। (ਪਰਦਾ ਉਪਰ ਉਠਦਾ ਹੈ) ਫਿਰ ਅੱਗੇ—ਉਸ ਤੋਂ ਬਾਅਦ (ਗਾਣੇ ਤੋਂ ਉਚੀ ਆਵਾਜ਼ ਕਰਨ ਦੀ ਕੋਸ਼ਿਸ਼ ਕਰਦਾ ਹੈ) ਹੁਣ ਇਹ ਹਾਥੀ ਦਾ ਬੱਚਾ—

ਫ਼ੌਜੀ—ਹੱਤ ਤੇਰੇ ਦੀ! ਫੇਰ ਉਹੀ ਹਾਥੀ ਦਾ ਬੱਚਾ!

ਪੌਲੀ—ਮੈਂ ਕਿਹਾ, ਹੁਣ ਉਹ ਹਾਥੀ ਦਾ—

ਫ਼ੌਜੀ—ਬੱਚਾ, ਬੱਚਾ!

ਪੌਲੀ—ਹੁਣ ਉਹ—? ਮੇਰੇ ਪਹਿਲੇ ਹੀ ਸਬੂਤ ਨਾਲ ਇਕ ਜਾਨਵਰ ਦਾ ਪਰਦਾ ਫਾਸ਼ ਹੋ ਗਿਆ। ਤੇ ਉਹ ਧੋਖੇ ਬਾਜ਼ ਸਾਬਤ ਹੋਇਆ। ਤੇ ਹੁਣ ਮੈਂ ਉਸ ਤੋਂ ਵੀ ਪੱਕਾ ਸਬੂਤ ਪੇਸ਼ ਕਰਦਾ ਹਾਂ।

ਫ਼ੌਜੀ—ਕੀ ਇਹ ਸਭ ਵਖਾਉਣਾ ਜਰੂਰੀ ਏ?

ਯੂਰਾਇਆ—ਹਾਂ ਹਾਂ ਜ਼ਰੂਰੀ ਏ। (ਪੌਲੀ ਨੂੰ) ਦੇਖਾਂ ਤਾਂ ਕਿਵੇਂ ਛੱਡਦਾ ਏ।

ਪੌਲੀ—ਮੈਂ ਇਹ ਕਹਿ ਰਿਹਾ ਹਾਂ ਕਿ ਤੂੰ ਕਾਤਲ ਏਂ, ਜੈਕੀ। ਹੁਣ ਤੂੰ ਸਾਬਤ ਕਰ ਦੇ ਕਿ ਤੂੰ ਕਤਲ ਨਹੀਂ ਕਰ ਸਕਦਾਂ—ਜਿਵੇਂ ਕਿ ਚੰਨ ਦਾ।

ਫ਼ੌਜੀ—ਨਹੀਂ, ਨਹੀਂ ਇਹ ਸਭ ਗਲਤ ਏ। ਹਾਥੀ ਦਾ ਬੱਚਾ ਕਿਉਂ ਸਾਬਤ ਕਰੇ? ਕੇਲੇ ਦੇ ਰੁੱਖ ਨੂੰ ਚਾਹੀਦੈ ਕਿ ਉਹ ਸਾਬਤ ਕਰੇ।

ਪੌਲੀ—ਬਿਲਕੁਲ ਠੀਕ। ਜ਼ਰਾ ਵੇਖੋ ਤਾਂ ਸਹੀ, ਇਥੇ ਹੀ ਤਾਂ ਨਾਟਕ 'ਚ ਧਮਾਕਾ ਹੋਵੇਗਾ। ਮੈਂ ਕਿਹਾ ਤੈਨੂੰ ਸਾਬਤ ਕਰਨਾ ਹੀ ਪਊ ਕਿ ਤੂੰ ਕਤਲ ਨਹੀਂ ਕਰ ਸਕਦਾ। ਜਿਵੇਂ ਚੰਨ ਦਾ ਕਤਲ। ਤਾਂ ਹੱਥ ਵਿਚ ਛੁਰਾ ਫੜ ਕੇ ਇਥੇ ਲਟਕਣ ਵਾਲੀ ਵੇਲ ਤੇ ਚੜ੍ਹ ਜਾਵੋ।

[ਗੈਲੀ ਉਂਝ ਹੀ ਕਰਦਾ ਹੈ। ਉਹ ਵੇਲ ਇਕ ਰੱਸੀ ਦੀ ਪੌੜੀ ਹੈ, ਜਿਹੜੀ ਚੰਨ ਨੇ ਉਤੇ ਫੜੀ ਹੋਈ ਹੈ।]

ਫ਼ੌਜੀ—(ਗਉਣ ਵਾਲੇ ਫੌਜੀਆਂ ਨੂੰ ਮਨ੍ਹਾਂ ਕਰਦਾ ਹੋਇਆ) ਚੁੱਪ, ਉਸ 'ਤੇ ਚੜ੍ਹਨਾ ਐਨਾ ਅਸਾਨ ਕੰਮ ਨਹੀਂ। ਤੇ ਉਹ ਵਿਚਾਰਾ ਤਾਂ ਉਸ ਹਾਥੀ ਦੇ ਚਿਹਰੇ ਵਿਚੋਂ ਵੇਖ ਵੀ ਤਾਂ ਨਹੀਂ ਸਕਦਾ।

ਜੈਸੀ—ਉਹਨੂੰ ਚੜ੍ਹਨਾ ਪਊ। ਕਰਨਾ ਹੀ ਪਊ। ਯੂਰਾਇਆ, ਹੁਣ ਬਿਜਲੀ ਦੇ ਗੱਰਜਣ ਦੀ ਆਵਾਜ!

[ਯੂਰਾਇਆ ਚੀਕ ਮਾਰਦੀ ਹੈ।]

ਪੌਲੀ—ਕੀ ਗੱਲ ਏ, ਚੰਨ? ਇਹ ਚੀਕ ਚਿਹਾੜਾ ਕਿਉਂ?

ਯੂਰਾਇਆ—ਇਹ ਬੇਹੂਦਾ ਰੱਸੀ ਬੁਰੀ ਤਰ੍ਹਾਂ ਚੁਭ ਰਹੀ ਏ, ਚੜ੍ਹਨ ਵਾਲਾ ਜ਼ਰੂਰ ਕੋਈ ਕਾਤਲ ਹੋਊ।

ਗੈਲੀ—ਇਸ ਰੱਸੀ ਦੀ ਪੌੜੀ ਨੂੰ ਟਹਿਣੀ ਤੇ ਟੰਗ ਦੇ, ਯੂਰਾਇਆ। ਮੈਂ ਜ਼ਰਾ ਭਾਰਾ ਆਂ ਨਾ।

ਯੂਰਾਇਆ—ਓਹ, ਮੇਰੇ ਹੱਥਾਂ 'ਚ ਤਾਂ ਛਾਲੇ ਪੈ ਗਏ! ਉਫ ਮੇਰਾ ਹੱਥ, ਮੇਰਾ ਹੱਥ ਟੁੱਟਦਾ ਜਾ ਰਿਹੈ।

ਪੌਲੀ—ਜ਼ਰਾ ਸੰਭਲ ਕੇ!

[ਗੈਲੀ ਦੇ ਹੱਥ ਵਿਚ ਯੂਰਾਇਆ ਦਾ ਨਕਲੀ ਹੱਥ ਆ ਜਾਂਦਾ ਹੈ। ਉਸ ਨੂੰ ਉਹ ਸਾਰਿਆਂ ਨੂੰ ਵਖਾਉਂਦੀ ਹੈ।]

ਜੈਸੀ—ਇਹ ਤੂੰ ਬੜਾ ਮਾੜਾ ਕੀਤਾ ਜੈਕੀ। ਮੈਨੂੰ ਤੈਥੋਂ ਇਹ ਉਮੀਦ ਨਹੀਂ ਸੀ। ਜਾਹ ਤੂੰ ਮੇਰਾ ਪੁੱਤ ਨਹੀਂ।

ਯੂਰਾਇਆ—(ਟੁਟਾ ਹੋਇਆ ਹੱਥ ਵਖਾਉਂਦਿਆਂ) ਇਹ ਇਸ ਗੱਲ ਦਾ ਸਬੂਤ ਹੈ ਕਿ ਏਹ ਕਾਤਲ ਏ।

ਪੌਲੀ—ਪਾਲ਼ ਜੈਕੀ, ਵੇਖ, ਉਸ ਦੇ ਖ਼ੂਨ ਨਾਲ ਲਿਬੜੇ ਬਾਜ਼ੂ ਨੂੰ ਵੇਖ। ਇਹ ਇਸ ਗੱਲ ਦਾ ਸਬੂਤ ਏ—ਤੂੰ ਇਹ ਨਹੀਂ ਸਾਬਤ ਕਰ ਸਕਦਾ ਕਿ ਤੂੰ ਕਤਲ ਨਹੀਂ ਕਰ ਸਕਦਾ ਕਿਉਂਕਿ ਤੂੰ ਚੰਨ ਨਾਲ ਅਜੇਹਾ ਸਲੂਕ ਕੀਤਾ ਹੈ ਜਿਸ ਕਰਕੇ ਉਸ ਦਾ ਲਹੂ ਸਵੇਰ ਤੱਕ ਵਹਿੰਦਾ ਰਵੇਗਾ ਤੇ ਉਹ ਮਰ ਜਾਵੇਗਾ। ਪਰਦਾ!

[ਪਰਦਾ ਡਿਗਦਾ ਹੈ, ਉਹ ਸਾਹਮਣੇ ਆਉਂਦਾ ਹੈ।]

ਪੌਲੀ—ਜੇ ਕੋਈ ਮੇਹਰਬਾਨ ਸ਼ਰਤ ਲਾਉਣੀ ਚਾਹੁੰਦੈ ਤਾਂ ਬਾਰ ਵਾਲੇ ਪਾਸੇ ਤਸ਼ਰੀਫ ਲਿਆਵੇ।

ਫ਼ੌਜੀ—(ਸ਼ਰਤ ਲਾਉਂਦਿਆਂ ਹੋਇਆਂ) ਚੰਨ ਦਾ ਇਕ ਸੈਂਟ। ਹਾਥੀ ਦਾ ਅੱਧਾ ਸੈਂਟ।

ਯੂਰਾਇਆ—ਇਹ ਲੋਕ ਤਾਂ ਖਾਣ ਨੂੰ ਪੈਂਦੇ ਨੇ। ਜੈਸੀ, ਜੇ ਤੂੰ ਆਪਣਾ ਉਹ ਦੁਖੀ ਮਾਂ ਵਾਲਾ ਗੀਤ ਸੁਣਾਇਆ ਹੁੰਦਾ ਤਾਂ ਉਹ ਚੁਪ ਖਲੋਤੇ ਪੂਛ ਹਿਲਾਉਂਦੇ ਸੁਣਦੇ ਰਹਿੰਦੇ।

[ਪਰਦਾ ਉਠਦਾ ਹੈ। ਜੈਸੀ ਗੀਤ ਗਾਉਂਦੀ ਹੈ।]

ਫ਼ੌਜੀ—ਵਾਹ ਬਈ ਵਾਹ! ਫੇਰ ਹੋ ਜਾਏ ਇਕ ਵੇਰ। ਟਿਕਟ ਦੇ ਪੈਸੇ ਵਸੂਲ ਹੋ ਗਏ। ਪੂਰੇ ਦੇ ਪੂਰੇ ਦਸ ਸੈਂਟ। ਵਧੀਆ, ਸ਼ਾਵਾ, ਸ਼ਾਵਾ। ਮਾਂ ਦੇ ਲਈ ਹਿਪ ਹਿਪ ਹੁੱਰੇ, ਹਿਪ ਹਿਪ ਹੁੱਰੇ!

[ਪਰਦਾ ਡਿਗਦਾ ਹੈ।]

ਯੂਰਾਇਆ—ਅੱਗੇ ਵਧੋ! ਕਾਮਯਾਬੀ ਮਿਲਦੀ ਪਈ ਜੇ। ਚਲੋ ਸਟੇਜ 'ਤੇ।

[ਪਰਦਾ ਖੁਲ੍ਹਦਾ ਹੈ।]

ਪੌਲੀ—ਮੈਂ ਸਾਬਤ ਕਰ ਦਿਤਾ ਹੈ, ਜੈਕੀ, ਕਿ ਤੂੰ ਅਜੇਹਾ

ਸ਼ਖ਼ਸ ਏਂ ਜਿਹੜਾ ਕਤਲ ਕਰ ਸਕਦੈਂ। ਜੈਕੀ ਹੁਣ ਮੈਂ ਤੈਥੋਂ ਸਿਰਫ ਇਕ ਸੁਆਲ ਪੁੱਛਣਾ ਚਾਹੁੰਦਾ ਹਾਂ। ਕੀ ਤੂੰ ਮੰਨਦਾ ਏ ਕਿ ਇਹ ਤੇਰੀ ਮਾਂ ਏ ?

ਫੌਜੀ—ਇਹ ਸਾਲੇ ਕੀ ਰੌਲਾ ਪਾ ਰਹੇ ਨੇ ! ਇਹ ਤਾਂ ਹੋ ਹੀ ਨਹੀਂ ਸਕਦਾ। ਪਰ ਹੈ ਇਹ ਦਿਮਾਗੀ ਗੱਲ, ਚੱਲਣ ਦਿਓ। ਤੂੰ ਉਸਦੀ ਚਿੰਤਾ ਨਾ ਕਰ। ਨਾਟਕ ਤਾਂ ਖ਼ੁਸ਼ੀ 'ਚ ਹੀ ਖਤਮ ਹੋਵੇਗਾ। ਠੀਕ ਏ ਨਾ। ਤਾਂ ਚੁੱਪ ਰਹੀਏ।

ਪੌਲੀ—ਇਸ ਹਾਲਤ ਵਿਚ, ਮੈਂ ਇਹ ਕਦੀ ਨਹੀਂ ਕਹਾਂਗਾ ਕਿ ਕਿਸੇ ਵੀ ਔਰਤ ਦਾ ਪੁੱਤਰ ਆਪਣੀ ਮਾਂ ਦਾ ਵਾਲ ਵੀ ਵਿੰਗਾ ਕਰੇਗਾ। ਘਟੋ ਘਟ ਅੰਗਰੇਜ਼ੀ ਹਕੂਮਤ 'ਚ ਤਾਂ ਨਹੀਂ।

ਫੌਜੀ—ਬਹੁਤ ਖ਼ੂਬ !

ਪੌਲੀ—ਅੰਗਰੇਜ਼ੀ ਹਕੂਮਤ ਜ਼ਿੰਦਾਬਾਦ ! (ਸਾਰੇ ਦੁਹਰਾਉਂਦੇ ਹਨ) ਬਹੁਤ ਬਹੁਤ ਸ਼ੁਕਰੀਆ, ਸਾਹੇਬਾਨ। ਜਦ ਤਕ ਇਹ ਦਿਲ ਕੰਬਾਊਂ ਨਾਅਰਾ ਆਪਣੀ ਫ਼ੌਲਾਦੀ ਆਵਾਜ਼ਾਂ ਵਿਚ ਗੂੰਜਦਾ ਰਹੇਗਾ, ਤਦ ਤਕ ਬੁੱਢੀ ਅੰਗਰੇਜ਼ ਹਕੂਮਤ 'ਚ ਅਮਨੋ-ਚੈਨ ਹੈ। ਤਾਂ ਬਿਆਨ ਜਾਰੀ ਰਹੇ ? ਸੁਣੋ ਜੈਕੀ, ਤੂੰ ਦੁਨੀਆਂ ਦੇ ਪਿਆਰ ਦੀ ਅਮਾਨਤ, ਇਸ ਔਰਤ ਦਾ ਕਤਲ ਕੀਤਾ ਹੈ, ਇਸ ਮਹਾਨ ਕਲਾਕਾਰ ਕੀ—('ਬਹੁਤ ਖ਼ੂਬ' ਦੇ ਨਾਅਰੇ ਲਗਦੇ ਹਨ) ਤੇ ਇਹ ਕਿਵੇਂ ਹੋ ਸਕਦਾ ਹੈ, ਜੈਕੀ ਦੋਸਤ, ਕਿ ਤੂੰ ਉਸ ਮਹਾਨ ਔਰਤ ਦਾ ਪੁਤਰ ਜਾਂ ਪੁਤਰੀ ਹੈ ? (ਫਿਰ ਤੋਂ ਨਾਅਰਾ) ਇਤਨਾ ਹੀ ਨਹੀਂ ਕੇਲੇ ਦਾ ਰੁੱਖ ਜੋ ਕੁਝ ਸੋਚਦਾ ਹੈ, ਉਸਨੂੰ ਸਾਬਤ ਵੀ ਕਰ ਸਕਦਾ ਹੈ। (ਤਾੜੀਆਂ) ਇਸ ਲਈ, ਓਏ ਦੂਜ ਦਿਆ ਚੰਨਾ, ਚੁੱਕ ਇਹ ਚਾਕ ਦਾ ਟੋਟਾ ਤੇ ਬਣਾ ਦੇ ਸਟੇਜ ਦ ਵਿਚੋਂ ਵਿਚ ਇਕ ਘੇਰਾ। ਤੇ ਆਪਣੇ ਹੱਥ ਵਿਚ ਰੱਸੀ ਦਾ ਇਕ ਟੁਕੜਾ ਲੈ ਤੇ ਇੰਤਜ਼ਾਰ ਕਰ, ਜਦ ਤਕ ਕਿ ਇਹ ਵਿਚਾਰੀ, ਦੁਖਿਆਰੀ ਮਾਂ, ਇਸ ਘੇਰੇ 'ਚ ਕਦਮ ਨਹੀਂ ਰਖਦੀ, ਜਿਸ ਨੂੰ ਤੂੰ ਬੜੇ ਭੈੜੇ ਢੰਗ ਨਾਲ ਬਣਾਇਆ ਹੈ। ਹੁਣ ਬੜੇ ਆਰਾਮ ਨਾਲ ਰੱਸੀ ਦਾ ਇਹ ਟੁਕੜਾ ਉਸਦੀ ਸੁਰਾਹੀਦਾਰ ਧੌਣ 'ਚ ਪਾ ਦੇ।

ਫੌਜੀ—ਸੁਰਾਹੀਦਾਰ ਧੌਣ ! ਉਸਦੀ ਸੁਰਾਹੀਦਾਰ ਧੌਣ !

ਪੌਲੀ—ਬਿਲਕੁਲ ਠੀਕ ! ਪਰ ਤੂੰ, ਮੁਜਰਮ ਪਾਲ ਜੈਕੀ, ਕਾਨੂੰਨ ਦੀ ਇਸ ਰੱਸੀ ਦਾ ਦੂਜਾ ਸਿਰਾ ਫੜ ਤੇ ਚੰਨ ਦੇ ਸਾਹਮਣੇ ਉਧਰ ਖਲੋ ਜਾ। ਠੀਕ ! ਔਰਤ, ਹੁਣ ਤੈਥੋਂ ਵੀ ਮੈਂ ਇਕ ਸੁਆਲ ਪੁਛਦਾ ਹਾਂ : ਕੀ ਤੂੰ ਇਕ ਖ਼ੂਨੀ ਨੂੰ ਆਪਣੀ ਕੁੱਖ ਤੋਂ ਜਨਮ ਦਿਤਾ ਸੀ ? ਕੋਈ ਜੁਆਬ ਨਹੀਂ ? ਹਾਂ ਤਾਂ ਮੇਹਰਬਾਨ, ਮੈਂ ਤੁਹਾਨੂੰ ਸਿਰਫ ਇਹ ਵਖਾਉਣਾ ਚਾਹੁੰਦਾ ਹਾਂ ਕਿ ਉਹੀ ਮਾਂ ਜਿਸ ਨੂੰ ਤੁਸੀਂ ਵੇਖ ਰਹੇ ਜੇ, ਆਪਣੇ ਗੁਨਾਹਗਾਰ ਪੁਤਰ ਤੋਂ ਮੂੰਹ ਫੇਰਦੀ ਹੈ ! ਪਰ ਥੋੜੀ ਹੀ ਦੇਰ ਵਿਚ ਮੈਂ ਤੁਹਾਨੂੰ ਇਸ ਤੋਂ ਵੀ ਵਧ ਚੜ੍ਹ ਕੇ ਨਜ਼ਾਰੇ ਵਿਖਾ ਦੇਵਾਂਗਾ। ਕਿਉਂਕਿ ਇਨਸਾਫ ਦਾ ਡਰਦਾ ਹੋਇਆ ਸੂਰਜ ਹੁਣ ਅਣਦਿੱਖ ਗਹਿਰਾਈਆਂ ਵਿਚੋਂ ਚਮਕ ਉਠੇਗਾ।

ਫੌਜੀ—ਨਹੀਂ, ਨਹੀਂ ਪੌਲੀ, ਹੁਣ ਹੋਰ ਗਹਿਰਾਈਆਂ 'ਚ ਨਾ ਜਾਹ ! ਬਸ, ਬੜਾ ਹੋ ਚੁੱਕਾ।

ਪੌਲੀ—ਪਾਲ ਜੈਕੀ, ਤੈਨੂੰ ਆਖਰੀ ਵੇਰ ਪੁਛਿਆ ਜਾਂਦਾ ਏ। ਕੀ ਤੂੰ ਹੁਣ ਵੀ ਦਾਅਵਾ ਕਰਦਾ ਏਂ ਕਿ ਤੂੰ ਇਸ ਦੁਖੀਆ ਔਰਤ ਦਾ ਹੀ ਪੁਤਰ ਏਂ ?

ਗੈਲੀ—ਜੀ ਹਾਂ !

ਪੌਲੀ—ਅੱਛਾ ! ਇਹ ਗੱਲ ਏ ! ਤਾਂ ਤੂੰ ਉਸਦਾ ਪੁਤਰ ਏਂ, ਐਂ ? ਹੁਣੀ ਕੁਝ ਚਿਰ ਪਹਿਲਾਂ ਤਾਂ ਤੂੰ ਕਿਹਾ ਸੀ ਕਿ ਤੂੰ ਤਾਂ ਸੌ ਫੀਸਦੀ ਸਚਾਈ 'ਚ ਯਕੀਨ ਹੀ ਨਹੀਂ ਰੱਖਦੇ। ਇਸ ਦਾ ਮਤਲਬ ਹੈ, ਸਾਨੂੰ ਹੁਣ ਅਜੇਹੇ ਸਬੂਤਾਂ ਤੋਂ ਕੰਮ ਲੈਣਾ ਪਵੇਗਾ, ਜੋ ਪਹਿਲਾ ਤੇ ਆਖਰੀ ਸਬੂਤ ਹੋਵੇਗਾ ਅਤੇ ਸਾਹੇਬਾਨ, ਜਿਹੜਾ ਤੁਹਾਡਾ ਪੂਰਾ ਇਤਮੀਨਾਨ ਕਰਵਾ ਦੇਵੇਗਾ। ਜੈਕੀ, ਜੇ ਸੱਚੀਂ ਤੂੰ ਇਸ ਮਾਂ ਦੀ ਔਲਾਦ ਏਂ ਤਾਂ ਤੈਨੂੰ ਇਜਾਜ਼ਤ ਹੋਵੇਗੀ ਕਿ ਤੂੰ ਪੂਰੀ ਤਾਕਤ ਨਾਲ ਇਸ ਨੂੰ ਇਸ ਘੇਰੇ 'ਚੋਂ ਬਾਹਰ ਖਿੱਚ। ਸਮਝ ਗਿਆਂ ?

ਫੌਜੀ—ਸਮਝ ਗਿਆਂ ! ਖਾਕ ਸਮਝ ਗਿਆਂ !! ਇਹ ਸਭ ਗਲਤ ਏ। ਸਾਰਾ ਕੁਝ ਗੜਬੜ ਹੋ ਰਿਹਾ ਏ। ਪਰ ਜੈਕੀ, ਤੂੰ ਸੱਚਾਈ ਦਾ ਦਾਮਨ ਕਦੀ ਨਾ ਛੱਡੀਂ।

ਪੌਲੀ—ਮੈਂ ਤਿੰਨ ਤਕ ਗਿਣਾਂਗਾ। ਇੱਕ ! ਦੋ ! ਤਿੰਨ !

[ਗੈਲੀ ਜੈਸੀ ਨੂੰ ਘੇਰੇ ਤੋਂ ਬਾਹਰ ਖਿੱਚਦਾ ਹੈ।]

ਜੈਸੀ ਓਏ ! ਠਹਿਰ ! ਠਹਿਰ, ਮੂਰਖਾ ! ਇਹ ਕੀ ਕਰਦਾ ਪਿਆ ਏਂ ? ਕੀ ਕਰਨਾ ਚਾਹੁੰਦਾ ਏਂ ਤੂੰ ! ਉਫ ਮੇਰੀ ਧੌਣ !

ਫ਼ੌਜੀ—ਹੋ ਹੋ ! ਧੌਣ, ਸੁਰਾਹੀਦਾਰ ਧੌਣ ! ਖਿੱਚ ਲਾ ਜੈਕੀ, ਖਿੱਚ ਲਾ। ਓਏ, ਹੁਣ ਰੁਕ ਜਾ। ਵੇਖ, ਉਹ ਸਿੱਪੀ ਦੀ ਮੱਛੀ ਵਾਂਗ ਨੀਲਾ ਪੈ ਗਿਆ ਏ।

ਜੈਸੀ—ਬਚਾਓ, ਓ ਕੋਈ ਬਚਾਓ !

ਗੈਲੀ—ਆ ਗਈ। ਵੇਖੋ, ਉਹ ਘੇਰੇ ਤੋਂ ਬਾਹਰ ਆ ਗਈ।

ਪੌਲੀ—ਤੁਸੀਂ ਇਸ ਬਾਰੇ ਕੀ ਕਹਿੰਦੇ ਜੇ ? ਕੀ ਤੁਸੀਂ ਕਦੀ ਅਜੇਹਾ ਵਹਿਸ਼ੀਪੁਣਾ ਵੇਖਿਆ ਏ ? ਮੈਂ ਤਾਂ ਇਹੋ ਕਹਿ ਸਕਦਾ ਹਾਂ ਕਿ ਇਥੇ ਇਕ ਝੂਠ, ਇਕ ਧੋਖਾ ਲੁਕਿਆ ਹੋਇਆ ਹੈ।

[ਜ਼ੋਰ ਨਾਲ ਤਾੜੀਆਂ]

ਪੌਲੀ—ਹਾਥੀ ਦੇ ਬੱਚੇ, ਤੂੰ ਆਪਣੇ ਆਪ ਨੂੰ ਬਹੁਤ ਵੱਡਾ ਧੋਖਾ ਦਿਤਾ ਹੈ। ਤੂੰ ਉਸ ਨੂੰ ਵਹਿਸ਼ੀਆਨਾ ਢੰਗ ਨਾਲ ਬਾਹਰ ਧੂਅ ਕੇ ਇਕ ਅਜੇਹੀ ਚੀਜ਼ ਸਾਬਤ ਕਰ ਦਿਤੀ ਹੈ ਜਿਹੜੀ ਤੂੰ ਖ਼ੁਦ ਨਹੀਂ ਚਾਹੁੰਦਾ ਸੈਂ। ਉਹ ਇਹ ਕਿ ਤੂੰ ਕਦੀ ਵੀ ਇਸ ਦੁਖਿਆਰੀ ਮਾਂ ਦੇ ਪੁੱਤ ਜਾਂ ਧੀ ਨਹੀਂ ਹੋ ਸਕਦਾ। ਮੇਰੇ ਪਿਆਰੇ ਜੈਕੀ, ਤੂੰ ਅਣਜਾਣੇ ਵਿਚ ਸੱਚਾਈ ਨੂੰ ਧੂਅ ਕੇ ਚਾਨਣ 'ਚ ਲੈ ਆਂਦਾ ਹੈ।

ਫੌਜੀ—ਵਾਹ ਵਾਹ ! ਲਾ-ਜਵਾਬ ! ਕੀ ਗੱਲਾਂ ! ਬੇਕਾਰ ਸਾਲਾ ! ਘਿਨੌਣਾ ! ਗੰਦਾ ! ਕੀ ਖ਼ਾਨਦਾਨ ਏ ! ਹੁਣ ਜਾ ਮਰ ਵੀ, ਜੈਕੀ ਪੁੱਤ, ਇਹ ਸਾਰੀ ਤੇਰੀ ਕਾਲੀ ਕਰਤੂਤ ਏ। ਛੱਡ ਬੇਕਾਰ ਦਾ ਧੰਦਾ ! ਸੱਚਾਈ ਕਦੀ ਨਾ ਛੱਡੀ।

ਪੌਲੀ—ਹਾਂ, ਤਾਂ ਸਾਹੇਬਾਨ। ਮੇਰੇ ਖਿਆਲ 'ਚ ਐਨਾ ਹੀ ਬਥੇਰਾ ਹੈ। ਤੁਸੀਂ ਵੀ ਇਸ ਗੱਲੋਂ ਇਨਕਾਰ ਨਹੀਂ ਕਰੋਗੇ ਕਿ ਪਹਿਲਾ ਤੇ ਅਖ਼ੀਰੀ ਸਬੂਤ ਵੀ ਠੀਕ ਹੀ ਰਿਹਾ ਹੈ। ਤੇ ਹੁਣ ਧਿਆਨ ਨਾਲ ਸੁਣੋ, ਸਾਹੇਬਾਨ। ਤੇ ਉਹ ਵੀ ਸੁਣ ਲੈਣ ਜਿਨ੍ਹਾਂ ਨੇ ਸ਼ੁਰੂ ਸ਼ੁਰੂ ਵਿਚ ਰੌਲਾ ਰੱਪਾ ਪਾਉਣ ਦੀ ਕੋਸ਼ਿਸ਼ ਕੀਤੀ ਸੀ। ਤੇ ਉਹ ਵੀ ਜਿਨ੍ਹਾਂ ਨੇ ਸ਼ਰਤ ਦੇ ਬਹਾਨੇ ਆਪਣੇ ਪੈਸੇ ਵਿਚਾਰੇ ਹਾਥੀ ਦੇ ਬੱਚੇ ਤੇ, ਜਿਹੜਾ ਐਸ ਵੇਲੇ ਪਾਟੇ ਹੋਏ ਭੁਗਾਨੇ ਵਾਂਗ ਖਲੋਤਾ ਹੈ, ਉਸ ਨੂੰ ਬੇ-ਗੁਨਾਹ ਸਮਝ ਕੇ ਵਾਰੇ ਸੀ, ਉਹ ਪੂਰੇ ਧਿਆਨ ਨਾਲ ਸੁਣ ਲੈਣ ਕਿ ਉਹ ਕਾਤਲ ਹੈ। ਇਹ ਹਾਥੀ ਦਾ ਬੱਚਾ, ਜੋ ਇਸ ਗੱਲ ਦਾ ਦਾਅਵਾ ਕਰਦਾ ਸੀ ਕਿ ਉਹ ਇਸ ਮਿਹਰਬਾਨ ਮਾਂ ਦੀ ਧੀ ਹੈ—ਮੈਂ ਸਾਬਤ ਕਰ ਦਿਤਾ ਕਿ ਉਹ ਧੀ ਨਹੀਂ, ਪੁੱਤਰ ਹੈ। —ਉਹ ਉਸਦਾ ਪੁੱਤਰ ਵੀ ਨਹੀਂ, ਜਿਵੇਂ ਕਿ ਤੁਸੀਂ ਵੀ ਵੇਖਿਆ ਹੈ। ਇਹ ਉਸ ਖ਼ਾਨਦਾਨੀ ਔਰਤ ਦੀ ਔਲਾਦ ਹੋ ਹੀ ਨਹੀਂ ਸਕਦਾ, ਕਿਉਂਕਿ ਇਸ ਨੇ ਉਸੇ ਦਾ ਕਤਲ ਕੀਤਾ ਹੈ। ਜਿਵੇਂ ਕਿ ਤੁਸੀਂ ਆਪ ਵੇਖਿਆ ਹੈ। ਉਹ ਇੰਝ ਟਕਟਕੀ ਲਾਈ ਚੁਪਚਾਪ ਖਲੋਤੀ ਹੈ, ਜਿਵੇਂ ਕੁਝ ਹੋਇਆ ਹੀ ਨਹੀਂ। ਅਤੇ ਉਹ ਕਰ ਵੀ ਕੀ ਸਕਦੀ ਹੈ ? ਇਹ ਉਂਝ ਤਾਂ ਇਕ ਅਣਹੋਣੀ ਜਿਹੀ ਗੱਲ ਹੈ, ਜਿਸ ਨੂੰ ਮੈਂ ਸਾਬਤ ਕਰ ਸਕਦਾ ਹਾਂ।

ਸੱਚ ਤਾਂ ਇਹ ਹੈ ਕਿ ਮੈਂ ਜੋ ਤੁਸੀਂ ਕਹੋ ਉਹੋ ਹੀ ਸਾਬਤ ਕਰ ਸਕਦਾ ਹਾਂ। ਤੇ ਮੈਂ ਆਪਣੀ ਗੱਲ ਤੇ ਅੜਿਆ ਰਹਾਂਗਾ ਕਿ ਜੋ ਕੁਝ ਮੈਂ ਵੇਖ ਰਿਹਾ ਹਾਂ ਉਹੀ ਸੱਚ ਹੈ, ਤੇ ਉਸ ਨੂੰ ਮੈਂ ਸਾਬਤ ਵੀ ਕਰ ਸਕਦਾ ਹਾਂ। ਮੈਂ ਤੁਹਾਨੂੰ ਹੀ ਪੁਛਦਾ ਹਾਂ, ਕੀ ਸਬੂਤ ਤੋਂ ਬਗੈਰ ਕੋਈ ਚੀਜ਼ ਹੋ ਸਕਦੀ ਏ ?

[ਹੋਰ ਵੱਧ ਤਾੜੀਆਂ ਦੀ ਅਵਾਜ਼]

ਪੌਲੀ—ਸਬੂਤ ਨਾ ਹੋਵੇ ਤਾਂ ਆਦਮੀ ਆਦਮੀ ਨਹੀਂ, ਸਗੋਂ ਬਾਂਦਰ ਏ, ਜਿਵੇਂ ਕਿ ਡਾਰਵਿਨ ਨੇ ਸਾਬਤ ਕੀਤਾ ਹੈ। ਤਾਂ ਫਿਰ ਤਰੱਕੀ ਕਿਥੇ ? ਓ ਮੂਰਖਾ, ਝੂਠੇ ਹਾਥੀ ਦੇ ਬੱਚੇ, ਜੇ ਤੂੰ ਰੱਤੀ ਭਰ ਵੀ ਝੂਠਾ ਹੋਵੇਗਾ ਤਾਂ ਮੈਂ ਇਹ ਸਾਬਤ ਕਰ ਦੇਵਾਂਗਾ ਕਿ ਤੂੰ ਸਿਰ ਤੋਂ ਪੈਰਾਂ ਤੀਕ ਝੂਠ ਦੀ ਗੰਡੜੀ ਏ। ਤੇ ਫਿਰ ਮੈਂ ਇਹ ਸਾਬਤ ਕਰਾਂਗਾ, ਜਿਵੇਂ ਕਿ ਹੁਣ ਮੈਂ ਕਰਨ ਵਾਲਾ ਏ—ਤੇ ਹਾਂ, ਜੇ ਸਚ ਮੁਚ ਇਕ ਖ਼ਾਸ ਗੱਲ ਹੀ ਏ, ਸਾਹੇਬਾਨ—ਕਿ ਹਾਥੀ ਦਾ ਬੱਚਾ ਹਾਥੀ ਦਾ ਬੱਚਾ ਨਹੀਂ ਹੈ, ਸਗੋਂ ਉਹ ਵਧ ਤੋਂ ਵਧ ਇਕ ਜਿਰਾਫ਼ ਹੋ ਸਕਦਾ ਏ।

ਫੌਜੀ—ਹੁੱਰੇ, ਹੁੱਰੇ !

ਗੈਲੀ—ਏ ਸੱਚ ਨਹੀਂ ਏ, ਇਹ ਸੱਚ ਨਹੀਂ ਏ।

ਪੌਲੀ—ਕਿਉਂ ? ਕੀ ਇਹ ਸੱਚ ਨਹੀਂ ਹੋ ਸਕਦਾ ?

ਗੈਲੀ—ਪਰ ਨਾਟਕ ਵਿਚ ਤਾਂ ਇੰਝ ਨਹੀਂ ਲਿਖਿਆ। ਇਹ ਸਭ ਨਹੀਂ ਚੱਲਣਾ !

ਪੌਲੀ—ਪਰ ਤੂੰ ਤਾਂ ਕਾਤਲ ਈ ਏਂ।

ਗੈਲੀ—ਇਹ ਝੂਠ ਏ।

ਪੌਲੀ—ਪਰ ਮੈਂ ਇਹ ਸਾਬਤ ਕਰ ਦਿਤਾ ਏ। ਸਾਬਤ ਕਰ ਦਿਤਾ, ਸਾਬਤ ਕਰ ਦਿਤਾ, ਸਾਬਤ ਕਰ ਦਿਤਾ।

[ਗੈਲੀ ਬੜ-ਬੜ ਕਰਦਾ ਹੋਇਆ ਕੇਲੇ ਦੇ ਰੁੱਖ ਨੂੰ ਝਪਟ ਪੈਂਦਾ ਹੈ। ਇਸ ਅਚਾਨਕ ਹਮਲੇ ਨਾਲ ਰੁੱਖ ਹੇਠਾਂ ਡਿੱਗ ਪੈਂਦਾ ਹੈ।]

ਪੌਲੀ—(ਡਿੱਗਦਾ ਹੋਇਆ) ਵੇਖੋ ! ਵੇਖੋ !

ਯੂਰਾਇਆ—ਵੇਖੋ, ਤੂੰ ਕਾਤਲ ਏਂ !

ਪੌਲੀ—(ਘੂਰ ਘੂਰ ਕਰਦਿਆਂ) ਤੇ ਮੈਂ ਸਾਬਤ ਕਰ ਦਿਤਾ।

[ਪਰਦਾ ਡਿੱਗਦਾ ਹੈ।]

ਯੂਰਾਇਆ—ਓ ਬਈ ਗਾਣਾ ਛੇਤੀ ਸ਼ੁਰੂ ਕਰੋ।

[ਚਾਰੇ ਕਲਾਕਾਰ ਛੇਤੀ ਨਾਲ ਪਰਦੇ ਦੇ ਸਾਹਮਣੇ ਆ ਕੇ ਗਾਣਾ ਗਾਉਂਦੇ ਹਨ।]

ਫੌਜੀ—ਬਸ, ਮੁਕ ਗਿਆ ? ਬਈ ਇਹ ਤਾਂ ਵਧੀਕੀ ਏ। ਕੀ ਇਹ ਵੀ ਕੋਈ ਫੈਸਲਾ ਹੋਇਆ ? ਨਾਟਕ ਇਥੇ ਮੁਕ ਨਹੀਂ ਸਕਦਾ। ਪਰਦਾ ਖੁੱਲ੍ਹਾ ਰਹਿਣ ਦਿਓ ਤੇ ਨਾਟਕ ਜਾਰੀ ਰਹਿਣ ਦਿਓ।

ਪੌਲੀ—ਕੀ ਕਹਿੰਦੇ ਜੇ ਤੁਸੀਂ ? ਅਗੇ ਤਾਂ ਕੁਝ ਵੀ ਲਿਖਿਆ ਨਹੀਂ ਏ। ਜ਼ਰਾ ਸਮਝਦਾਰੀ ਨਾਲ ਕੰਮ ਲਓ। ਨਾਟਕ ਮੁਕ ਗਿਆ ਹੈ।

ਫੌਜੀ—ਕੀ ਬੇਹੂਦਗੀ ਏ। ਸਾਲਾ ਇੰਝ ਤਾਂ ਕਦੀ ਵੇਖਿਆ ਸੁਣਿਆਂ ਵੀ ਨਹੀਂ। ਇਹ ਤਾਂ ਸਾਫ ਗਦਲੀ ਕਾਫੀ ਵਰਗੀ ਗੱਲ ਹੋਈ। ਅਸੂਲ ਤੋਂ ਜਮਾ ਈ ਉਲਟ।

[ਉਨ੍ਹਾਂ ਦੀ ਇਕ ਟੋਲੀ ਸਟੇਜ ਉਤੇ ਆ ਕੇ ਜ਼ੋਰ ਜ਼ੋਰ ਨਾਲ ਗੱਲਾਂ ਮਾਰਨ ਲਗ ਪੈਂਦੀ ਹੈ। ]

ਫੌਜੀ– ਸਾਨੂੰ ਸਾਡੇ ਪੈਸੇ ਵਾਪਸ ਦਿਓ। ਜਾਂ ਤਾਂ ਹਾਥੀ ਦੇ ਬੱਚੇ ਨੂੰ ਸਹੀ ਸਲਾਮਤ ਰਹਿਣ ਦਿਓ ਨਹੀਂ ਤਾਂ ਸਾਡੇ ਪੈਸੇ ਮੋੜ ਦਿਓ। ਇਕ ਇਕ ਪੈਸਾ। ਪਤਾ ਲੱਗਾ ਦੂਜ ਦਿਆ ਚੰਨਾ?

ਪੌਲੀ—ਤੁਸੀਂ ਇਸ ਸਟੇਜ 'ਤੇ ਜੋ ਵੇਖਿਆ ਉਹ ਕੌੜਾ ਸੱਚ ਸੀ। ਤੇ ਤੁਹਾਨੂੰ ਵੀ ਇਹ ਜਾਣ ਲੈਣਾ ਚਾਹੀਦਾ ਸੀ।

ਫੌਜੀ—ਇਹ ਗੱਲ ਏ? ਤਾਂ ਹੁਣ ਤੇਰੀਆਂ ਅੱਖਾਂ ਦੀ ਕੌੜੀ ਸਚਾਈ ਬਾਹਰ ਆਉਂਦੀ ਏ।

ਪੌਲੀ—ਤੂੰ ਅਜੇਹੀਆਂ ਬੜਕਾਂ ਮਾਰਦੈਂ, ਕਿਉਂਕਿ ਤੈਨੂੰ ਕਲਾ ਬਾਰੇ ਕੱਖ ਨਹੀਂ ਪਤਾ। ਕਲਾਕਾਰ ਨਾਲ ਬੋਲਣ ਦੀ ਤਾਂ ਤੈਨੂੰ ਤਮੀਜ਼ ਤੱਕ ਵੀ ਨਹੀਂ।

ਫੌਜੀ—ਨਹੀਂ ਏ ਤੇ ਨਾ ਸਹੀ। ਇਸ ਬਕਵਾਸ ਤੋਂ ਬਿਨਾਂ ਵੀ ਸਾਡਾ ਕੰਮ ਚਲ ਸਕਦੈ।

ਗੈਲੀ—ਜ਼ਰਾ ਸੁਣੋ, ਮੈਂ ਇਹ ਨਹੀਂ ਚਾਹੁੰਦਾ ਕਿ ਤੁਸੀਂ ਸੋਚੋ ਕਿ ਜੋ ਕੁਝ ਤੁਸੀਂ ਤੱਕਿਆ ਉਸ ਨੂੰ ਮੈਂ ਠੀਕ ਨਹੀਂ ਮੰਨਦਾ।

ਪੌਲੀ—ਮਿਹਰਬਾਨੀ, ਬਾਸ।

ਗੈਲੀ—ਨਾਟਕ ਜੋ ਤੁਸੀਂ ਅਗੇ ਵਧਾਉਣਾ ਈ ਏ ਤਾਂ ਅੱਠ ਦੌਰ ਦੀ ਬਾਕਸਿੰਗ ਮੈਚ ਚਾਰ ਔਂਸ ਦੇ ਦਸਤਾਨੇ ਪਾ ਕੇ ਉਸ ਆਦਮੀ ਨਾਲ ਹੋ ਜਾਵੇ, ਉਸ ਸਿਰ ਫਿਰੇ ਨਾਲ ਜੋ ਆਪਣੇ ਪੈਸੇ ਵਾਪਸ ਲੈਣ ਦੀ ਕਾਹਲ ਵਿਚ ਹੈ।

ਫੌਜੀ—ਸਾਡਾ ਟੋਨੀ ਲੜੂਗਾ। ਅਗਾਂਹ ਵੱਧ ਟੋਨੀ, ਤੇ ਹਾਥੀ ਦੇ ਬੱਚੇ ਦੀ ਭੈੜੀ ਸੁੰਡ ਨੂੰ ਕੱਟ ਦੇ।

ਗੈਲੀ—ਚੰਗਾ ਮਿਤਰੋ, ਹੁਣੇ ਇਸ ਗੱਲ ਦਾ ਫੈਸਲਾ ਹੋ ਜਾਂਦਾ ਹੈ ਕਿ ਜੋ ਕੁਝ ਹੁਣੇ ਅਸੀਂ ਆਪਣੇ ਸਾਹਮਣੇ ਸਟੇਜ 'ਤੇ ਪੇਸ਼ ਕੀਤਾ ਉਹ ਸੱਚਾਈ ਸੀ ਜਾਂ ਨਾਟਕ ਸੀ—ਕੌੜੀ ਸੱਚਾਈ ਜਾਂ, ਅੱਛਾ—ਬੁਰਾ ਨਾਟਕ।

[ਸਾਰੇ ਬਾਕਸਿੰਗ ਮੈਚ ਵੱਲ ਤੁਰ ਜਾਂਦੇ ਹਨ।]

[ ਅਨੁ. ਸ਼. ਸ. ]

●

# 'ਗੁੰਮਰਾਹਕੁਨ' ਬਨਾਮ ਰਿਆਸਤ

○

ਅਜਮੇਰ 'ਗਿੱਲ'

ਲੋਕ ਬਹੁਤ ਘਰੇਲੂ ਹਨ
ਉਹ ਮੇਰੀ ਆਵਾਰਗੀ ਨੂੰ ਕੀ ! ਸਮਝਣਗੇ
ਸਭ ਲਾਲ ਇਸ਼ਤਿਹਾਰ
ਪੀਲ਼ੇ ਪੈਂਦੇ ਜਾ ਰਹੇ ਹਨ
ਕੋਈ ਵੀ ਬਿਰਖ ਮੌਸਮ ਦੀ ਸਹਾਇਤਾ ਬਿਨਾਂ
ਫਲ ਫੁੱਲ ਨਹੀਂ ਸਕਦਾ
ਤੇ ਲੋਕ ਬੜੇ ਘਰੇਲੂ ਹਨ...

ਉੜਾਨ ਦੀ ਸੰਭਾਵਨਾ
ਪਰ੍ਹਾਂ ਤੋਂ ਇਲਾਵਾ
ਹਵਾ ਨਾਲ ਵੀ ਸੰਬੰਧਤ ਹੈ
ਹਵਾ-ਰਹਿਤ ਖਿਲਾ ਵਿਚ
ਖੰਭ ਅਣਲੋੜੀਂਦੇ ਵਜ਼ਨ ਤੋਂ ਸਿਵਾ ਕੁਝ ਨਹੀਂ ਹੁੰਦੇ
ਚੌਲਾਂ ਦੀ ਮੁੱਠੀ ਮੰਗਦੀ ਜਾਨ ਦੀ ਝੋਲੀ
ਹਮੇਸ਼ਾਂ ਟੁਟਦੇ ਤਾਰਿਆਂ ਨੇ ਭਰੀ ਹੈ

ਸਾਡੀਆਂ ਅੱਖੀਆਂ ਵਿਚ ਵਿਰਲਾਪ ਸੌਂਦੇ ਹਨ
ਤੇ ਛਾਤੀਆਂ ਵਿਚ ਅਸਫਲ ਵਿਦਰੋਹ ਦੀਆਂ ਕਬਰਾਂ

ਹਰ ਹਾਰ ਪਿੱਛੋਂ
ਸਾਡੀਆਂ ਹਿਕਾਂ 'ਤੇ ਤਮਗੇ ਤਾਂ ਨਹੀਂ
ਪਰ ਫੁੱਲ ਜ਼ਰੂਰ ਸਜੇ ਹਨ
ਖੰਜਰਾਂ ਦੀ ਨੋਕ ਨਾਲ ਚਿਤਰੇ ਗਏ ਫੁੱਲ

ਅਜੇ ਤੂੰ ਹਜੂਮ ਦੇ ਵੱਡੇ ਹਿੱਸੇ ਨੂੰ
ਗੁੰਮਰਾਹ ਕਰ ਸਕਨੀ ਏਂ
ਇਸ ਲਈ ਹੀ ਤੂੰ ਰਿਆਸਤ ਹੈਂ
ਅਜੇ ਮੈਂ ਹਜੂਮ ਦੇ ਥੋੜੇ ਜਿੰਨੇ ਹਿੱਸੇ ਨੂੰ ਵੀ
ਪ੍ਰਭਾਵਤ ਨਹੀਂ ਕਰ ਸਕਿਆ
ਦਿਸ਼ਾ ਨਹੀਂ ਸੁਝਾ ਸਕਿਆ
ਇਸ ਲਈ ਮੈਂ ਗੁੰਮਰਾਹ ਅਵਾਰਾ ਨੌਜਵਾਨ ਹਾਂ

# ਮੌਸਮ ਫੇਰ ਸੰਗੀਨ ਹੈ

ਪ੍ਰਮਿੰਦਰਜੀਤ

**ਫੇਰ** ਸ਼ੁਰੂ ਹੋਏਗਾ ਇਕ ਲੰਮੀ ਚੁੱਪ ਦਾ ਸਿਲਸਿਲਾ
ਸੋਚਾਂ ਫੇਰ ਹੋਣਗੀਆਂ ਲਹੂ ਲੁਹਾਨ
ਫੇਰ ਸੜਕਾਂ ਤੇ ਗਾਰਾ ਬਣ ਕੇ ਵਿਛੇਗਾ ਆਦਮੀ
ਫੇਰ ਪੁੰਗਰੇਗੀ ਧਰਤੀ ਚੋਂ ਸਰਕੰਡਿਆਂ ਦੀ ਫ਼ਸਲ
ਫੇਰ ਜਿਸਮਾਂ ਨਾਲ ਖਹਿ ਕੇ ਗੁਜ਼ਰੇਗੀ ਸੰਗੀਨ
ਬਾਰੂਦ ਵਿਛੇਗਾ ਸੁਪਨਿਆਂ ਦੀ ਜ਼ਰਖ਼ੇਜ਼ ਮਿੱਟੀ ਤੇ
ਬਹੁਤ ਕੁਝ ਫੇਰ ਹੋਵੇਗਾ—ਜਲਾਵਤਨੀ ਜਿਹਾ
—ਮਾਯੂਸੀ ਜਿਹਾ
—ਨੀਲਾਮੀ ਜਿਹਾ
ਆਪਣੇ ਹੀ ਲਹੂ ਚੋਂ ਉਭਰੀ ਚੀਕ ਨੂੰ ਮਾਰਨ ਜਿਹਾ
ਮੌਸਮ ਫੇਰ ਸੰਗੀਨ ਹੈ—

ਇਹ ਇਸ ਯੁਗ ਦੀ ਹੀ ਕਥਾ ਹੈ
ਕਿ ਹਰ ਕਥਾ ਦਾ ਨਾਇਕ, ਖਲਨਾਇਕ ਦਾ ਚਿਹਰਾ ਏ
ਹਰ ਕੋਈ ਇਕ ਲਾਵਾਰਿਸ ਇਤਿਹਾਸ ਦੇ ਪੰਨਿਆਂ ਵਿਚ ਗਰਕ ਹੈ
ਆਦਮੀ ਆਪਣੇ ਹੀ ਲਹੂ ਨਾਲ
—ਆਪਣੇ ਹੀ ਜਿਸਮ ਤੇ

ਚਿਤਰਕਾਰੀ ਕਰਨ ਲਈ ਮਜਬੂਰ ਹੈ
ਤੇ ਆਪਣੇ ਘਾਇਲ ਚਿਹਰੇ ਨੂੰ ਗੁਲਾਬ ਆਖਣ ਲਈ ਮਜਬੂਰ

ਉਹ ਹਰ ਵਾਰ ਸੋਚਦਾ ਹੈ
ਕਿ ਸਤਰੰਗਾਂ ਦਾ ਮੀਂਹ ਇਸ ਵਾਰ ਉਹਦੇ ਕੱਲਰਾਂ ਤੇ ਬੰਜਰਾਂ ਤੇ ਵਰ੍ਹੇਗਾ
ਹਰ ਨਦੀ ਉਹਦੇ ਜਿਸਮ ਚੋਂ ਭੁੱਖ ਦੀਆਂ ਛਿਲਤਰਾਂ ਨੂੰ ਚੁਣ ਲਵੇਗੀ
ਪਰ ਜਦੋਂ ਅੱਥਰੂ ਗੈਸ
—ਉਹਦੀ ਨੀਂਦਰ ਨੂੰ ਬੇਚੈਨ ਕਰਦੀ ਹੈ

ਤਾਂ ਉਹ ਸੋਚਦਾ ਹੈ
ਜੀਣ ਲਈ ਹੁਣ ਉਹ ਕੋਈ ਨਵੀਂ ਤਰਕੀਬ ਸੋਚੇਗਾ
ਰੋਂਦੇ ਬੱਚੇ ਨੂੰ ਲੋਰੀ ਨਹੀਂ
—ਭੈਅ ਦਾ ਗੀਤ ਸੁਣਾਏਗਾ

ਤਾਂ ਕਿ ਉਸ ਨੂੰ ਰੋਟੀ ਦਾ ਸੁਪਨਾ ਹੀ ਨਾ ਆਵੇ
ਪਤਨੀ ਨੂੰ ਰਾਸ਼ਨ ਦੇ ਡੀਪੂ ਤੇ ਬੁੱਤ ਬਣ ਜਾਣ ਲਈ ਕਹੇਗਾ
ਤੇ ਖ਼ੁਦ ਕਿਸੇ ਚਿਮਨੀ ਦੇ ਧੂੰਏ ਨਾਲ ਚਿਹਰੇ ਦੀ ਕਾਲਖ ਧੋਏਗਾ
ਬਹੁਤ ਕੁਝ ਅਜਿਹਾ ਸੋਚੇਗਾ
—ਜੋ ਉਸਨੇ ਪਹਿਲਾਂ ਕਦੇ ਵੀ ਨਹੀਂ ਸੀ ਸੋਚਿਆ

ਮੌਸਮ ਤਾਂ ਉਦੋਂ ਵੀ ਸੰਗੀਨ ਸੀ
ਜਦ ਉਹ ਪਹਿਲੇ ਭਰਮ ਤੋਂ ਮੁਕਤ ਹੋਣ ਲਈ ਛਟਪਟਾਇਆ ਸੀ
ਤੇ ਮੌਸਮ ਹੁਣ ਵੀ ਸੰਗੀਨ ਹੈ
ਤੇ ਉਹ ਇਕ ਹੋਰ ਭਰਮ ਦੇ ਲਾਵੇ ਤੇ ਬੈਠਾ ਹੈ।

# ਬ
# ਲੌ ਦੁਆਈਆਂ ਬਾਰੇ
# ਰ

○ ਡਾ: ਅਮਰ ਸਿੰਘ
○ ਡਾ: ਪਿਆਰਾ ਲਾਲ

## 1. ਦੁਆਈਆਂ ਦੀ ਪੈਦਾਵਾਰ ਤੇ ਲੋਕ

ਚਕਿਤਸਾ ਵਿਗਿਆਨ ਇਕ ਸਮਾਜੀ ਵਿਗਿਆਨ ਹੈ। ਜਮਾਤੀ ਸਮਾਜ ਵਿਚ, ਹੋਰਾਂ ਵਿਗਿਆਨਾਂ ਵਾਂਗ ਇਹ ਵੀ ਹਾਕਮ ਜਮਾਤਾਂ ਜਾਂ ਉਨ੍ਹਾਂ ਦੀਆਂ ਭਾਈਵਾਲ ਜਮਾਤਾਂ ਦੀ ਹੀ ਸੇਵਾ ਕਰਦਾ ਹੈ। ਲੁਟੀਆਂ ਜਾਂਦੀਆਂ ਜਮਾਤਾਂ ਦੀ ਇਹ ਉਨੀਂ ਹੀ ਕੁ ਸੇਵਾ ਕਰਦਾ ਹੈ ਜਿਨੀ ਕੁ ਹਾਕਮ ਜਮਾਤਾਂ ਦੀ ਮਜ਼ਬੂਰੀ ਹੁੰਦੀ ਹੈ। ਸਰਸਰੀ ਤੌਰ ਤੇ ਸ਼ਾਇਦ ਇਹ ਗੱਲ ਨਾ ਲਗੇ—ਕਾਰਨ ਇਹ ਹੈ ਕਿ ਨਵ-ਬਸਤੀਵਾਦ ਇਸ ਯੁਗ ਵਿਚ ਜਮਾਤੀ ਲੁਟ ਬੜੇ ਹੀ ਲੁਕਵੇਂ ਢੰਗ ਦੀ ਹੈ ਤੇ ਉਸ ਨੂੰ ਸਮਝਣ ਲਈ ਕਾਫੀ ਡੂੰਘਾਈ ਵਿਚ ਜਾਣਾ ਪੈਂਦਾ ਹੈ। ਚਕਿਤਸਾ ਵਿਗਿਆਨ ਦਾ ਜਮਾਤੀ ਖਾਸਾ ਕਾਇਮ ਰੱਖਣ ਤੇ ਬਹੁਤ ਸਾਰੇ ਢੰਗ ਹਨ। ਇਸ ਲੇਖ ਵਿਚ ਅਸੀਂ ਇਕ ਢੰਗ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ—ਦੁਆਈਆਂ ਦੀ ਪੈਦਾਵਾਰ ਦੇ ਢੰਗ। ਸ਼ੁਰੂ ਕਰਨ ਤੋਂ ਪਹਿਲਾਂ ਇਹ ਗਲ ਸਾਫ ਕਰਨੀ ਬਹੁਤ ਜ਼ਰੂਰੀ ਹੈ ਕਿ ਕਿਸੇ ਵੀ ਕੌਮ ਦੀ ਸੇਹਤ ਅੱਛੀ ਬਣਾਉਣ ਵਿਚ ਦੁਆਈਆਂ ਹਮੇਸ਼ਾਂ ਛੋਟਾ ਹਿਸਾ ਪਾਉਂਦੀਆਂ ਹਨ। ਜਦ ਕਿ ਵੱਡਾ ਹਿਸਾ ਹੋਰ ਆਰਥਕ ਸਮਾਜਕ ਅਤੇ ਸਭਿਆਚਾਰਕ ਗੱਲਾਂ ਦਾ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਸਾਡੇ ਦੇਸ਼ ਦੀਆਂ 70—80% ਬੀਮਾਰੀਆਂ ਸਿਰਫ਼ ਤਿੰਨ ਗੱਲਾਂ ਮਿਲਣ ਨਾਲ ਖਤਮ ਹੋ ਜਾਣਗੀਆਂ—ਚੰਗੀ ਖੁਰਾਕ, ਪੀਣ ਵਾਲਾ ਸਾਫ ਪਾਣੀ ਤੇ ਮਲ-ਮੂਤਰ ਦੇ ਨਿਕਾਸ ਦਾ ਯੋਗ ਪ੍ਰਬੰਧ। ਇਸ ਕਰਕੇ ਬਿਮਾਰੀਆਂ ਦੀ ਅਸਲੀ ਜੜ੍ਹ ਤਾਂ ਗਰੀਬੀ ਦੂਰ ਹੋਣ ਨਾਲ ਤੇ ਲੋਕਾਂ ਦੀਆਂ ਰਹਿਣ ਦੀਆਂ ਹਾਲਤਾਂ ਵਿੱਚ ਸੁਧਾਰ ਹੋਣ ਨਾਲ ਹੀ ਪੁੱਟੀ ਜਾ ਸਕੇਗੀ ਇਨ੍ਹਾਂ ਗਲਾਂ ਦੀ ਗੈਰ-ਹਾਜ਼ਰੀ ਨੇ ਦਵਾਈਆਂ ਦੀ ਜ਼ਰੂਰਤ ਹੋਰ ਵੀ ਵਧਾ ਦਿੱਤੀ ਹੈ ਭਾਵੇਂ ਕਿ ਇਹ ਦਵਾਈਆਂ ਲੋਕਾਂ ਨੂੰ ਬਹੁਤੀ ਵਾਰੀ ਵਕਤੀ ਰਾਹਤ ਹੀ ਦਿੰਦੀਆਂ ਹਨ।

## ਦੁਆਈਆਂ ਦੀ ਪੈਦਾਵਾਰ ਤੇ ਅਜਾਰਾਦਾਰੀ

ਤੀਜੀ ਦੁਨੀਆਂ (ਅਫਰੀਕਾ, ਦੱਖਣੀ ਅਮਰੀਕਾ ਅਤੇ ਏਸ਼ੀਆ) ਦੇ ਬਾਕੀ ਦੇਸ਼ਾਂ ਦੀ ਤਰ੍ਹਾਂ ਭਾਰਤ ਵਿਚ ਵੀ ਦਵਾਈਆਂ ਅਤੇ ਡਾਕਟਰੀ ਔਜ਼ਾਰਾਂ ਦੇ ਖੇਤਰ ਵਿਚ ਬਹੁ ਕੌਮੀ ਕਾਰਪੋਰੇਸ਼ਨਾਂ ਦੀ ਅਜਾਰੇਦਾਰੀ ਹੈ। ਇਹ ਕਾਰਪੋਰੇਸ਼ਨ ਮੁਖ ਤੌਰ ਤੇ ਅਮਰੀਕਾ, ਇੰਗਲੈਂਡ ਫਰਾਂਸ, ਜਰਮਨੀ, ਸਵਿਟਜ਼ਰਲੈਂਡ ਅਤੇ ਜਪਾਨ ਦੀਆਂ ਹਨ ਅਤੇ ਇਨ੍ਹਾਂ ਦੀਆਂ ਸ਼ਾਖਾਵਾਂ ਦਾ ਜਾਲ ਸਾਰੀ ਦੁਨੀਆਂ ਵਿਚ ਵਿਛਿਆ ਹੋਇਆ ਹੈ। ਆਰਥਕ ਤੌਰ ਤੇ ਇਹ ਬਹੁ ਕੌਮੀ ਕਾਰਪੋਰੇਸ਼ਨਾਂ ਇੰਨੀਆਂ ਤਕੜੀਆਂ ਹਨ ਕਿ ਕਿੰਨੀਆਂ ਦਾ ਤਾਂ ਇਸ਼ਤਿਹਾਰਬਾਜ਼ੀ ਦਾ ਬਜਟ ਹੀ ਭਾਰਤ ਦੇ ਕੁਲ ਬਜਟ ਨਾਲੋਂ ਜ਼ਿਆਦਾ ਹੈ।

ਸਾਲ 1977 ਵਿਚ ਭਾਰਤ ਵਿਚ 2800 ਕੰਪਨੀਆਂ ਨੇ 700 ਕਰੋੜ ਰੁਪਏ ਦੀਆਂ ਦਵਾਈਆਂ ਤਿਆਰ ਕੀਤੀਆਂ ਸਨ ਇਨ੍ਹਾਂ ਵਿਚੋਂ 600 ਕਰੋੜ ਰੁਪਏ ਦੀ ਕੀਮਤ ਦੀਆਂ ਦਵਾਈਆਂ ਕੇਵਲ 50 ਬਹੁ ਕੌਮੀ ਕਾਰਪੋਰੇਸ਼ਨਾਂ ਨੇ ਹੀ ਕੀਤੀਆਂ। ਇਸ ਅਜਾਰੇਦਾਰੀ ਕਾਰਨ ਇਹ ਆਪਣੀ ਮਨ ਮਰਜ਼ੀ ਦਾ ਭਾਅ ਲਾਉਂਦੀਆਂ ਹਨ। ਜਿਵੇਂ ਕਿ ਸਟਰੈਪਟੋਮਾਈਸੀਨ ਨਾਂ ਦੀ ਦਵਾਈ (ਜੋ ਟੀ. ਬੀ. ਲਈ ਵਰਤੀ ਜਾਂਦੀ ਹੈ) ਇਕ ਬਹੁ ਕੌਮੀ ਕਾਰਪੋਰੇਸ਼ਨ 1.25 ਰੁਪਏ ਪ੍ਰਤੀ ਟੀਕਾ ਵੇਚਦੀ ਸੀ ਪ੍ਰੰਤੂ ਜਦ ਇਹ ਦਵਾਈ ਪਿੰਪਰੀ ਪਲਾਂਟ (ਸਰਕਾਰੀ ਅਦਾਰਾ) ਤਿਆਰ ਕਰਨ ਲੱਗ ਗਿਆ ਤਾਂ ਇਸ ਦੀ ਕੀਮਤ ਘਟ ਕੇ 58 ਪੈਸੇ ਪ੍ਰਤੀ ਟੀਕਾ ਰਹਿ ਗਈ। ਇਸੇ ਤਰ੍ਹਾਂ ਕਲੋਰੋਮਾਈਸਟਿਨ ਨਾਂ ਦੀ ਦਵਾਈ ਦਾ ਪਾਊਡਰ 400 ਰੁਪਏ ਪ੍ਰਤੀ ਕਿਲੋ ਗ੍ਰਾਮ ਹੈ ਪਰ ਪਾਰਕ ਡੇਵਿਸ ਨਾਂ ਦੀ ਅਮਰੀਕੀ ਕੰਪਨੀ ਇਸ ਨੂੰ ਕੈਪਸੂਲਾਂ ਵਿਚ ਭਰ ਕੇ ਅਤੇ ਆਪਣੀ ਮੋਹਰ ਲਗਾ ਕੇ 350 ਰੁਪਏ ਪ੍ਰਤੀ ਕਿਲੋ ਗਰਾਮ ਵੇਚ ਰਹੀ ਹੈ।

## ਅਜਾਰੇਦਾਰੀ ਕਿਵੇਂ

ਦਵਾਈਆਂ ਵਿਚ ਅਜਾਰੇਦਾਰੀ ਕਈ ਢੰਗਾਂ ਨਾਲ ਰੱਖੀ ਜਾਂਦੀ ਹੈ।

ਸਾਡੀ ਹੀ ਲੁਟ ਖਸੁਟ ਨਾਲ ਅਮੀਰ ਹੋਏ ਸਾਮ-ਰਾਜੀ ਦੇਸ਼ ਦਵਾਈਆਂ ਦੀ ਖੋਜ ਤੇ ਖੁਲ੍ਹਾ ਪੈਸਾ ਖਰਚਦੇ ਹਨ ਇਸ ਕਰਕੇ ਬਹੁਤੀਆਂ ਦਵਾਈਆਂ ਦੀ ਕਾਢ ਸਾਮਰਾਜੀ ਦੇਸ਼ਾਂ ਵਿਚ ਹੀ ਹੁੰਦੀ ਹੈ। ਜੇ ਤਾਂ ਦਵਾਈਆਂ ਪੈਦਾ ਕਰਨ ਦਾ ਮਕਸਦ ਮਨੁੱਖਤਾ ਦਾ ਭਲਾ ਹੋਵੇ ਤਾਂ ਤੇ ਉਹ ਦੇਸ਼ ਦਵਾਈਆਂ ਪੈਦਾ ਕਰਨ ਦੇ ਹੱਕ ਸਾਰੇ ਦੇਸ਼ਾਂ ਨੂੰ ਦੇ ਦੇਣ ਪਰ ਕਿਉਂਕਿ ਅਸਲੀ ਮਕਸਦ ਤਾਂ ਮੁਨਾਫਾ

ਹੈ ਇਸ ਲਈ ਇਹ ਸਾਮਰਾਜੀ ਦੇਸ਼ 15–20 ਸਾਲ ਤਕ ਨਵੀਂ ਨਿਕਲੀ ਦਵਾਈ ਦੀ ਕਾਢ ਅਧਿਕਾਰ (ਪੇਟੈਂਟ ਰਾਈਟ) ਕਿਸੇ ਨੂੰ ਨਹੀਂ ਦਿੰਦੀ। ਇਸ ਤਰ੍ਹਾਂ ਇਹ ਅੰਨੀ ਲੁਟ ਮਚਾਉਂਦੇ ਹਨ ਅਤੇ ਇਸੇ ਲੁੱਟ ਦਾ ਇਕ ਖੋਜ ਉਪਰ ਖਰਚ ਕੇ ਨਵੀਆਂ ਦਵਾਈਆਂ ਕਢਦੇ ਹਨ ਤਾਂ ਕਿ ਲੁੱਟ ਦਾ ਚੱਕਰ ਚਲਦਾ ਰਹੇ।

ਇਹ ਕੰਪਨੀਆਂ ਦਵਾਈ ਪੈਦਾ ਕਰਨ ਦੇ ਵਡੀ ਮਾਤਰਾ ਦੇ ਲਸੰਸ ਲੈਂਦੀਆਂ ਹਨ ਪਰ ਕਾਰਖਾਨੇ ਛੋਟੇ ਲਾਉਂਦੀਆਂ ਹਨ ਅਤੇ ਉਨ੍ਹਾਂ ਕਾਰਖ ਨਿਆਂ ਵਿੱਚ ਭੀ ਸ਼ਕਤੀ ਤੋਂ ਘੱਟ ਉਤਪਾਦਨ ਕਰਦੀਆਂ ਹਨ ਇਸ ਤਰ੍ਹਾਂ ਇਹ ਦੂਜਿਆਂ ਨੂੰ ਲਸੰਸ ਲੈਣ ਤੋਂ ਵਾਂਝੇ ਕਰ ਦਿੰਦੀਆਂ ਹਨ ਅਤੇ ਹੋਰਾਂ ਨੂੰ ਮੁਕਾਬਲੇ ਵਿਚ ਆਉਣ ਤੋਂ ਵੀ ਰੋਕਦੀਆਂ ਹਨ। ਹਿੰਦੋਸਤਾਨ ਵਿਚ ਕਾਰਖਾਨਿਆਂ ਦੀ ਦਵਾਈਆਂ ਦੀ ਉਪਜ ਇਨ੍ਹਾਂ ਦੀ ਉਤਪਾਦਨ ਸ਼ਕਤੀ ਦਾ ਤਕਰੀਵਨ 50% ਹੈ।

ਦਵਾਈਆਂ ਦੇ ਮਾਮਲੇ ਵਿਚ ਆਮ ਚੀਜ਼ਾਂ ਨਾਲੋਂ ਮਾਰਕਿਟਿੰਗ ਢੰਗ ਦੀ ਆਪਣੀ ਹੀ ਖਾਸੀਅਤ ਹੈ ਦਵਾਈ ਕਿਹੜੀ ਤੇ ਕਿੰਨੀ ਖਰੀਦਣੀ ਹੈ, ਇਸ ਦਾ ਫੈਸਲਾ ਡਾਕਟਰ ਕਰਦਾ ਹੈ (ਜਿਸ ਨੇ ਪੈਸੇ ਨਹੀਂ ਖਰਚਨੇ) ਨਾਂ ਕਿ ਖਰੀਦਣ ਵਾਲਾ (ਜਿਸ ਨੇ ਬਿਲ ਦਾ ਭੁਗਤਾਨ ਕਰਨਾ ਹੈ)। ਇਹ ਕੰਪਨੀਆਂ ਡਾਕਟਰਾਂ ਨੂੰ ਝੂਠ ਸੱਚ ਬੋਲ ਕੇ ਅਤੇ ਤੋਹਫੇ ਰਿਸ਼ਵਤਾਂ ਦੇ ਕੇ ਆਪਣੀਆਂ ਦਵਾਈਆਂ ਦੇ ਵਧੀਆ ਹੋਣ ਦਾ ਗ਼ਲਬਾ ਪਾਈ ਰਖਦੀਆਂ ਹਨ।

## ਕੱਚੇ ਮਾਲ ਦੀ ਖ੍ਰੀਦ

ਇਹ ਕੰਪਨੀਆਂ ਆਪਣੀ ਹੀ ਮੁੱਖ ਕੰਪਨੀ ਤੋਂ ਕੱਚਾ ਮਾਲ 50–100 ਗੁਣਾ ਮੁੱਲ ਤਕ ਤੇ ਖਰੀਦਦੀਆਂ ਹਨ ਤੇ ਇਸ ਤਰ੍ਹਾਂ ਤੀਹਰੀ ਲੁੱਟ ਕਰਦੀਆਂ ਹਨ ਲਾਗਤ ਵੱਧ ਵਖਾ ਉਹ ਦਵਾਈਆਂ ਮਹਿੰਗੀਆਂ ਵੇਚਦੀਆਂ ਹਨ, ਟੈਕਸ ਘਟ ਦਿੰਦੀਆਂ ਹਨ ਅਤੇ ਮਜਦੂਰਾਂ ਦਾ ਬੋਨਸ ਮਾਰਦੀਆਂ ਹਨ। ਜਿਵੇਂ ਕਿ ਡਾਇਜਾ ਪਾਮ ਨਾਂ ਦੀ ਦਵਾਈ ਬਹੁ ਕੌਮੀ ਕੰਪਨੀ 2500 ਡਾਲਰ ਪ੍ਰਤੀ ਯੂਨਿਟ ਵੇਚਦੀ ਸੀ ਜਦ ਕਿ ਸੰਸਾਰ ਮੰਡੀ ਵਿਚ ਇਸ ਦਾ ਮੁੱਲ 30 ਡਾਲਰ ਪ੍ਰਤੀ ਯੂਨਿਟ ਸੀ। ਇਸ ਤਰ੍ਹਾਂ ਦੀ ਹੇਰਾ ਫੇਰੀ ਲਗ ਭਗ ਸਾਰੀਆਂ ਦਵਾਈਆਂ ਵਿਚ ਹੀ ਕੀਤੀ ਜਾਂਦੀ ਹੈ।

## ਮਸ਼ਹੂਰੀ ਤੇ ਅੰਨ੍ਹਾ ਖਰਚਾ

ਇਹ ਬਹੁ ਕੌਮੀ ਕਾਰਪੋਰੇਸ਼ਨ ਦਵਾਈਆਂ ਦੀ ਮਸ਼ਹੂਰੀ ਤੇ ਅੰਨ੍ਹਾ ਪੈਸਾ ਖਰਚਦੀਆਂ ਹਨ। ਹਰ ਦਵਾਈ ਦੀ ਕੀਮਤ ਵਿਚ 15 ਪ੍ਰਤੀਸ਼ਤ ਖਰਚਾ ਸਿਰਫ ਮਸਹੂਰੀ ਦਾ ਹੁੰਦੀ ਹੈ। ਕਿਉਂਕਿ ਦਵਾਈਆਂ ਡਾਕਟਰਾਂ ਰਾਹੀਂ ਵਿਕਦੀਆਂ ਹਨ ਇਸ ਲਈ ਮਸਹੂਰੀ ਦਾ ਬਹੁਤਾ ਖਰਚਾ ਡਾਕਟਰਾਂ ਤੇ ਹੀ ਕੇਂਦਰਿਤ ਹੁੰਦਾ ਹੈ। ਡਾਕਟਰਾਂ ਨੂੰ ਖਿੱਚਣ ਲਈ ਵਧੀਆ ਤੋਂ ਵਧੀਆ ਕਾਗਜ਼ ਉਪਰ ਛਪਿਆ ਹੋਇਆ ਰੰਗ-ਬਰੰਗਾ ਲਿਟਰੇਚਰ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਵੱਡੀ ਮਾਤਰਾ ਵਿਚ ਦਵਾਈਆਂ ਦੇ ਸੈਂਪਲ ਤੇ ਤੋਹਫੇ ਜੋ ਨਿੱਤ ਵਰਤੋਂ ਦੀਆਂ ਵਸਤਾਂ ਤੋਂ ਲੈ ਕੇ ਫਰਿਜ ਜਾਂ ਟੈਲੀਵੀਜ਼ਨ ਤਕ ਹੁੰਦੇ ਹਨ, ਦਿਤੇ ਜਾਂਦੇ ਹਨ। ਇਥੋਂ ਤੱਕ ਕਿ ਕੰਪਨੀਆਂ ਦੇ ਏਜੰਟ ਡਾਕਟਰਾਂ ਨਾਲ ਸਿਧੇ ਵਪਾਰਕ ਸਮਝੌਤੇ ਭੀ ਆਮ ਹੀ ਕਰਦੇ ਹਨ। ਨਿਸਚਤ ਨੰਬਰ ਵਿਚ ਕੰਪਨੀ ਦੀਆਂ ਦਵਾਈਆਂ ਲਿਖਣ ਤੇ ਡਾਕਟਰ ਨੂੰ ਮਹੀਨਾ ਵਾਰੀ ਪੈਸੇ ਮਿਲ ਜਾਂਦੇ ਹਨ। ਜਦ ਸਰਕਾਰੀ ਹਸਪਤਾਲਾਂ ਲਈ ਦਵਾਈ ਖਰੀਦੀ ਜਾਂਦੀ ਹੈ ਉਥੇ ਭੀ ਇਹੋ ਜਿਹੇ ਸਮਝੌਤੇ ਹੁੰਦੇ ਹਨ। ਬਹੁਤੇ ਡਾਕਟਰ ਇਨ੍ਹਾਂ ਕੰਪਨੀਆਂ ਦੀ ਲੁਕਵੀਂ ਸਿੱਧੀ ਰਿਸ਼ਵਤ ਖੋਰੀ ਵਿੱਚ ਸਹਿਜੇ ਹੀ ਭਾਈਵਾਲ ਬਣ ਜਾਂਦੇ।

ਇਹ ਦਵਾਈਆਂ ਅਤੇ ਔਜ਼ਾਰਾਂ ਦੀਆਂ ਕੰਪਨੀਆਂ ਸੀਨੀਅਰ ਡਾਕਟਰਾਂ ਦੀਆਂ ਕਾਨਫਰੰਸਾਂ (ਜੋ ਦੇਸ਼ ਵਿਚ ਅਤੇ ਬਦੇਸ਼ ਵਿੱਚ ਹੁੰਦੀਆਂ ਹਨ) ਤੇ ਅੰਨ੍ਹਾ ਪੈਸਾ ਖਰਚਦੀਆਂ ਹਨ। ਉਨ੍ਹਾਂ ਨੂੰ ਫਾਈਵ ਸਟਾਰ ਹੋਟਲਾਂ ਵਿਚ ਠਹਿਰਾਉਂਦੀਆਂ ਹਨ, ਵਲਾਇਤੀ ਸ਼ਰਾਬਾਂ ਪਿਆਉਂਦੀਆਂ ਅਤੇ ਮੁਰਗੇ ਖਵਾਉਂਦੀਆਂ ਹਨ। ਇਸ ਤਰ੍ਹਾਂ ਇਹ ਕੰਪਨੀਆਂ ਲੁਕਵੀਂ ਰਿਸ਼ਵਤ ਦੇ ਕੇ, ਜਾਂ ਸ਼ਰੇ ਆਮ ਨਕਦ ਰਿਸ਼ਵਤ ਦੇ ਕੇ ਇਨ੍ਹਾਂ ਤੋਂ ਆਪਣੇ ਮਾਲ ਦੇ ਆਰਡਰ ਲੈਂਦੀਆਂ ਹਨ। ਬਹੁਤ ਵਾਰੀ ਇਹ ਆਰਡਰ ਉਨ੍ਹਾਂ ਮਹਿੰਗੇ ਔਜ਼ਾਰਾਂ ਅਤੇ ਮਸ਼ੀਨਾਂ ਦੇ ਹੁੰਦੇ ਹਨ ਜਿਹੜੇ ਕਿ ਸਾਲ ਵਿਚ ਸਿਰਫ ਗਿਣਤੀ ਦੇ ਕੁਝ ਮਰੀਜ਼ਾਂ ਉਪਰ ਹੀ ਵਰਤੇ ਜਾਂਦੇ ਹਨ। ਕਰੋੜਾਂ ਰੁਪਏ ਦੀਆਂ ਇਹ ਮਸ਼ੀਨਾਂ ਛੇਤੀ ਹੀ ਖਰਾਬ ਹੋ ਜਾਂਦੀਆਂ ਹਨ ਫਿਰ ਠੀਕ ਨਾ ਹੋਣ ਕਰਕੇ ਹੀ ਪਈਆਂ ਰਹਿੰਦੀਆਂ ਹਨ ਕਿਉਂਕਿ ਇਨ੍ਹਾਂ ਦੇ ਠੀਕ ਕਰਨ ਲਈ ਪੁਰਜ਼ੇ ਬਾਹਰੋਂ ਮੰਗਵਾਉਣੇ ਪੈਂਦੇ ਹਨ। ਅਤੇ ਪੁਰਾਣੀ ਮਸ਼ੀਨ ਠੀਕ ਕਰਾਉਣ ਦੀ ਬਜਾਏ ਨਵੀਂ ਮਸ਼ੀਨ ਦੀ ਖਰੀਦ ਦੇ ਆਰਡਰ ਹੋ ਜਾਂਦੇ ਹਨ। ਇਥੋਂ ਤੱਕ ਕਿ ਕਈ ਮਸ਼ੀਨਾਂ ਤਾਂ ਬਗੈਰ ਵਰਤੋਂ ਵਿਚ ਲਿਆਂਦੇ ਹੀ ਸਾਲਾਂ ਬੱਧੀ ਪਈਆਂ ਰਹਿੰਦੀਆਂ ਹਨ। ਸਰਕਾਰ ਦੇ ਆਪਣੇ ਅੰਕੜਿਆਂ ਅਨੁਸਾਰ ਅਰਬਾਂ ਰੁਪਏ ਦਾ ਇਸ ਤਰ੍ਹਾਂ ਦਾ ਬੇਲੋੜਾ ਸਮਾਨ ਹਸਪਤਾਲਾਂ ਦੇ ਸਟੋਰਾਂ ਵਿੱਚ ਤੁੰਨਿਆ ਪਿਆ ਹੈ। ਜਦ ਕਿ ਲੋਕਾਂ ਦੀਆਂ ਲੋੜ ਦੀਆਂ ਵੱਧ ਜ਼ਰੂਰੀ ਅਤੇ ਸਸਤੀਆਂ ਚੀਜ਼ਾਂ ਨਹੀਂ ਮਿਲਦੀਆਂ ਕਿਉਂਕਿ ਪੈਸਾ ਤਾਂ ਮਹਿੰਗੀਆਂ ਮਸ਼ੀਨਾਂ ਅਤੇ ਮਹਿੰਗੀਆਂ ਦੁਵਾਈਆਂ ਉਪਰ ਲੱਗ ਜਾਂਦਾ ਹੈ। ਸੋ ਪੱਟੀਆਂ, ਰੂੰ, ਪਾਣੀ ਦੇ ਟੀਕੇ ਅਤੇ

ਜ਼ੁਕਾਮ, ਦਰਦ ਆਦਿ ਦੀਆਂ ਗੋਲੀਆਂ ਭੀ ਮਰੀਜ਼ਾਂ ਨੂੰ ਖ਼੍ਰੀਦਣੀਆਂ ਪੈਂਦੀਆਂ ਹਨ। ਇਸ ਸਾਰੇ ਕੁਝ ਵਿੱਚ ਲੋਕਾਂ ਦੀ ਲੋੜ ਨੂੰ ਪਹਿਲ ਨਹੀਂ ਮੁਨਾਫੇ ਨੂੰ ਪਹਿਲ ਹੀ ਹੁੰਦੀ ਹੈ।

## ਨਕਲੀ ਲੋੜ

ਇਨ੍ਹਾਂ ਬਹੁ ਕੌਮੀ ਕੰਪਨੀਆਂ ਦਾ ਪ੍ਰਾਪੇਗੰਡੇ ਦਾ ਢੰਗ ਇਨ੍ਹਾਂ ਅਸਰ ਦਾਇਕ ਹੈ ਕਿ ਜੇ ਕਰ ਲੋੜ ਨਾਂ ਵੀ ਹੋਵੇ ਤਦ ਵੀ ਇਹ ਨਕਲੀ ਲੋੜ ਪੈਦਾ ਕਰ ਦਿੰਦੀਆਂ ਹਨ। ਹਰ ਬੰਦੇ ਨੂੰ ਲੱਗਣ ਲਗਦਾ ਹੈ ਕਿ ਮੈਨੂੰ ਟਾਨਿਕ ਜਾਂ ਦਵਾਈ ਦੀ ਲੋੜ ਹੈ। ਫਿਲਮਾਂ, ਟੈਲੀਵੀਜ਼ਨ, ਰਸਾਲੇ, ਅਖ਼ਬਾਰਾਂ, ਏਜੰਟਾਂ ਅਤੇ ਡਾਕਟਰਾਂ ਰਾਹੀਂ ਇਹ ਕੰਪਨੀਆਂ ਆਪਣੀ ਦਵਾਈ ਦੀ ਨਕਲੀ ਲੋੜ ਪੈਦਾ ਕਰ ਦਿੰਦੀਆਂ ਹਨ। ਇਸ ਸਾਰੇ ਕੁਝ ਨੇ ਇਕ ਡਰੱਗ ਕਲਚਰ ਪੈਦਾ ਕਰ ਦਿੱਤਾ ਹੈ। ਦਵਾਈਆਂ ਖਾਣਾ (ਖਾਸ ਕਰਕੇ ਟਾਨਿਕਾਂ), ਘਰ ਸਜਾ ਕੇ ਰੱਖਣਾ ਅਤੇ ਰੋਜ਼ਾਨਾ ਜ਼ਿੰਦਗੀ ਵਿੱਚ ਦਵਾਈਆਂ ਦੀਆਂ ਗੱਲਾਂ ਕਰਨਾ ਇਕ ਫੈਸ਼ਨ ਬਣ ਗਿਆ ਹੈ। ਇਹ ਸਾਰਾ ਕੁਝ ਸਾਮਰਾਜ ਵਲੋਂ ਅਤੇ ਭਾਰਤੀ ਅਜਾਰੇਦਾਰੀ ਵਲੋਂ ਸਾਡੇ ਸਭਿਆਚਾਰ ਉਪਰ ਹਮਲੇ ਦੀ ਸੋਚੀ ਸਮਝੀ ਗੋਂਦ ਹੈ। ਇਸ ਵਿਚ ਇਹ ਅਜਾਰੇਦਾਰ ਕੰਪਨੀਆਂ ਗੈਰ ਮਨੁੱਖੀ ਗੱਲਾਂ ਕਰਨ ਤੋਂ ਭੀ ਨਹੀਂ ਟਲਦੀਆਂ। ਇਸ ਦੀ ਇੱਕ ਅਤੀ ਘਿਨਾਉਣੀ ਉਦਾਹਰਨ ਜੋ ਨਾਈਜੀਰੀਆ ਵਿੱਚ ਵਾਪਰੀ ਵਰਨਣ ਯੋਗ ਹੈ। ਨੈਸਲਜ਼ ਨਾਂ ਦੀ ਇਕ ਅਮਰੀਕੀ ਕੰਪਨੀ ਜੋ ਕਿ ਲੈਕਟੋਜਨ ਨਾਂ ਦਾ ਸੁੱਕਾ ਦੁੱਧ ਬਣਾਉਂਦੀ ਹੈ, ਨੇ ਨਾਈਜੀਰੀਆ ਵਿੱਚ ਬੋਤਲ ਰਾਹੀਂ ਦੁੱਧ ਪਿਆਉਣ ਦਾ ਅੰਨ੍ਹਾਂ ਧੁੰਦ ਪ੍ਰਚਾਰ ਕੀਤਾ ਕਿ ਆਮ ਗਰੀਬ ਮਾਂਵਾਂ ਸੋਚਣ ਲੱਗ ਪਈਆਂ ਕਿ ਸ਼ਾਇਦ ਡੱਬੇ ਦਾ ਦੁੱਧ ਬੋਤਲ ਨਾਲ ਪਿਆਉਣ ਨਾਲ ਬੱਚਾ ਖਾਸ ਹੀ ਸਿਹਤ-ਮੰਦ ਬਣਦਾਂ ਹੈ। ਬਹੁਤ ਸਾਰੀਆਂ ਮਾਵਾਂ ਨੇ ਆਪਣਾ ਢਿੱਡ ਬੰਨ ਕੇ ਬੱਚਿਆਂ ਨੂੰ ਬੋਤਲ ਦਾ ਦੁੱਧ ਪਿਲਾਉਣਾ ਸ਼ੁਰੂ ਕਰ ਦਿੱਤਾ। ਨਤੀਜਾ ਇਹ ਹੋਇਆ ਕਿ ਲੱਖਾਂ ਬੱਚੇ ਟੱਟੀਆਂ, ਉਲਟੀਆਂ ਨਾਲ ਮਰ ਗਏ ਕਿਉਂਕਿ ਉਨ੍ਹਾਂ ਗਰੀਬਾਂ ਕੋਲ ਤਾਂ ਬੋਤਲ ਸਾਫ ਕਰਨ ਦੇ ਸਾਧਨ ਹੀ ਮੌਜੂਦ ਨਹੀਂ ਸਨ। ਇਹ ਸਾਰਾ ਕੁਝ ਇਸ ਗੱਲ ਦੇ ਬਾਵਜੂਦ ਹੋਇਆ ਕਿ ਡਾਕਟਰੀ ਵਿਗਿਆਨ ਵਿੱਚ ਇਸ ਗੱਲ ਉਤੇ ਕੋਈ ਵੀ ਸ਼ੱਕ ਨਹੀਂ ਕਰਦਾ ਕਿ ਮਾਂ ਦਾ ਦੁੱਧ ਬੱਚੇ ਲਈ ਸਭ ਤੋਂ ਵਧੀਆ ਦੁੱਧ ਹੈ ਅਤੇ ਗ਼ਰੀਬ ਮਾਂਵਾਂ ਨੂੰ ਬੋਤਲ ਨਾਲ ਦੁੱਧ ਪਿਲਾਉਣ ਲਈ ਕਹਿਣਾ ਸਭ ਤੋਂ ਵੱਡਾ ਪਾਪ ਹੈ।

## ਬੇਲੋੜੀਆਂ ਦਵਾਈਆਂ ਦੀ ਪੈਦਾਵਾਰ

ਇਹ ਕੰਪਨੀਆਂ ਇਥੇ ਹੀ ਬੱਸ ਨਹੀਂ ਕਰਦੀਆਂ ਸਗੋਂ ਉਪਰ ਲਿਖੇ ਢੰਗਾਂ ਨਾਲ ਨਕਲੀ ਲੋੜ ਪੈਦਾ ਕਰਕੇ ਇਹ ਉਨ੍ਹਾਂ ਦਵਾਈਆਂ ਨੂੰ ਪੈਦਾ ਕਰਨ ਵਿੱਚ ਜ਼ੋਰ ਲਗਾਉਂਦੀਆਂ ਹਨ ਜਿਨ੍ਹਾਂ ਦੀ ਕਿ ਖਾਸ ਲੋੜ ਨਹੀਂ ਹੁੰਦੀ ਅਤੇ ਜਿਨ੍ਹਾਂ ਨੂੰ ਸਿਰਫ ਖਾਂਦੀ ਪੀਂਦੀ ਜਮਾਤ ਹੀ ਖ਼੍ਰੀਦ ਸਕਦੀ ਹੈ। ਵਿਟਾਮਿਨ ਅਤੇ ਟਾਨਿਕਾਂ ਦੀ ਪੈਦਾਵਾਰ ਸਭ ਤੋਂ ਵੱਧ ਕੀਤੀ ਜਾਂਦੀ ਹੈ। ਇਹਨਾਂ ਦੀ ਖਰੀਦ ਆਮ ਤੌਰ ਤੇ ਉਹ ਲੋਕ ਕਰਦੇ ਹਨ ਜਿਨ੍ਹਾਂ ਨੂੰ ਇਨ੍ਹਾਂ ਦੀ ਘਾਟ ਨਹੀਂ ਹੁੰਦੀ ਅਤੇ ਜਿਨ੍ਹਾਂ ਨੂੰ ਘਾਟ ਹੁੰਦੀ ਹੈ ਉਹ ਇਹ ਟਾਨਿਕਾਂ ਖ਼੍ਰੀਦ ਹੀ ਨਹੀਂ ਸਕਦੇ। ਇਸ ਤੋਂ ਅੱਗੇ ਇਹ ਟਾਨਿਕਾਂ ਪ੍ਰਤੀ ਖੁਰਾਕ ਭੀ ਲੋੜ ਨਾਲੋਂ ਅਤੇ ਡਾਕਟਰੀ ਵਿਗਿਆਨ ਦੀ ਸਿਫਾਰਸ਼ ਨਾਲੋਂ ਕਈ ਗੁਣਾ ਵੱਧ ਮਿਕਦਾਰ ਦੀ ਡੋਜ਼ ਵਾਲੀਆਂ ਹੁੰਦੀਆਂ ਹਨ। ਇਸੇ ਤਰ੍ਹਾਂ ਬੀ-1 ਬੀ-6 ਅਤੇ ਬੀ-12 ਦੇ ਟੀਕੇ (ਜਿਵੇ ਕਿ ਨਿਉਰੋਬਾਇਨ) ਜੋ ਬਹੁਤ ਮਹਿੰਗੇ ਹਨ ਅਤੇ ਜਿਨ੍ਹਾਂ ਦਾ ਨਰਵ ਟਾਨਿਕ ਦੇ ਤੌਰ ਤੇ ਡਾਕਟਰੀ ਵਿਗਿਆਨ ਵਿੱਚ ਕੋਈ ਸਬੂਤ ਨਹੀਂ ਇਨ੍ਹਾਂ ਕੰਪਨੀਆਂ ਦੇ ਪ੍ਰਚਾਰ ਕਰਕੇ ਆਪ ਹੀ ਲਗਾਏ ਜਾਂਦੇ ਹਨ।

## ਤੀਜੀ ਦੁਨੀਆਂ ਦੇ ਲੋਕ ਖੋਜ ਲਈ ਜਾਨਵਰ

ਅਮੀਰ ਸਰਮਾਏਦਾਰ ਮੁਲਕਾਂ ਵਿੱਚ ਨਵੀਆਂ ਦਵਾਈਆਂ ਟੈਸਟ ਕਰਨ ਲਈ ਬਹੁਤ ਸਾਰੇ ਜ਼ਾਬਤੇ ਪੂਰੇ ਕਰਨੇ ਪੈਂਦੇ ਹਨ ਅਤੇ ਇਨ੍ਹਾਂ ਦਵਾਈਆਂ ਨੂੰ ਟੈਸਟ ਕਰਨ ਤੇ ਬਹੁਤ ਸਖਤੀ ਹੈ। ਇਸ ਲਈ ਇਹ ਕੰਪਨੀਆਂ ਨਵੀਆਂ ਦਵਾਈਆਂ ਨੂੰ ਤੀਜੀ ਦੁਨੀਆਂ ਦੇ ਲੋਕਾਂ ਤੇ ਹੀ ਟੈਸਟ ਕਰਦੀਆਂ ਹਨ। ਜਦ ਇਨ੍ਹਾਂ ਲੋਕਾਂ ਤੇ ਇਹ ਦਵਾਈਆਂ ਟੈਸਟ ਕੀਤੀਆਂ ਜਾਂਦੀਆਂ ਹਨ ਤਾਂ ਇਨ੍ਹਾਂ ਲੋਕਾਂ ਨੂੰ ਇਹ ਪਤਾ ਭੀ ਨਹੀਂ ਹੁੰਦਾ ਕਿ ਦਵਾਈ ਉਸ ਉਪਰ ਟੈਸਟ ਕੀਤੀ ਜਾ ਰਹੀ ਹੈ। ਇਥੋਂ ਤੱਕ ਕਿ ਕਈ ਵਾਰੀ ਮਹਿੰਗੀ ਦਵਾਈ ਮਰੀਜ਼ ਨੂੰ ਆਪ ਹੀ ਖਰੀਦਣੀ ਪੈਂਦੀ ਹੈ। ਕਈ ਵਾਰ ਤਾਂ ਬਿਨਾਂ ਲੋੜ ਦੇ ਹੀ ਸਿਰਫ ਟੈਸਟ ਕਰਨ ਲਈ ਦਵਾਈ ਧੋਖੇ ਨਾਲ ਦਿੱਤੀ ਜਾਂਦੀ ਹੈ।

(ੳ) ਗਰਭ ਰੋਕੂ ਗੋਲੀਆਂ ਪਹਿਲੀ ਵਾਰੀ ਵਡੇ ਪੈਮਾਨੇ ਤੇ ਤੀਜੀ ਦੁਨੀਆਂ ਦੇ ਲੋਕਾਂ ਤੇ ਟੈਸਟ ਕੀਤੀਆਂ ਗਈਆਂ। ਪਿਛਲੇ ਦੋ ਦਹਾਕਿਆਂ ਤੋਂ ਇਹ ਗੋਲੀਆਂ ਆਰਗੇਨਾਲ ਤੇ ਜੀ. ਡੀ. ਸੀਰਲੇ ਨਾਂ ਦੀਆਂ ਕੰਪਨੀਆਂ ਇਹ ਗੋਲੀਆਂ ਥੋਕ ਤੇ ਵੇਚ ਰਹੀਆਂ ਹਨ। ਪਿਛਲੇ ਕੁਝ ਸਾਲਾਂ ਤੋਂ ਇਨ੍ਹਾਂ ਗੋਲੀਆਂ ਦੇ ਸਰੀਰ ਤੇ ਭੈੜੇ ਅਤੇ ਨੁਕਸਾਨ ਦੇਹ ਅਸਰ ਹੋਣ ਦੀਆਂ ਅਨੇਕਾਂ ਰਿਪੋਰਟਾਂ ਛਪ ਚੁੱਕੀਆਂ ਹਨ। ਅਮੀਰ ਸਰਮਾਏਦਾਰ ਦੇਸ਼ਾਂ ਵਿਚ ਇਨ੍ਹਾਂ ਗੋਲੀਆਂ ਦੀ ਵਰਤੋਂ ਬਹੁਤ ਘਟ ਗਈ ਹੈ। ਪਰ

ਭਾਰਤ ਵਰਗੇ ਦੇਸ਼ਾਂ ਵਿਚ ਅਜੇ ਭੀ ਇਹ ਦਵਾਈਆਂ ਮਣਾਮੂੰਹੀ ਵੇਚ ਕੇ ਅੰਨ੍ਹਾ ਮੁਨਾਫਾ ਕਮਾਇਆ ਜਾ ਰਿਹਾ ਹੈ।

(ਅ) ਗਰਭ ਰੋਕੂ ਲੂਪ ਵਿਗਿਆਨਕ ਢੰਗ ਨਾਲ ਟੈਸਟ ਕਰਨ ਤੋਂ ਬਿਨਾਂ ਹੀ ਭਾਰਤ ਵਿੱਚ ਲਗਾਤਾਰ 15–20 ਸਾਲਾਂ ਤੋਂ ਥੋਕ ਤੇ ਵਰਤਿਆ ਜਾ ਰਿਹਾ ਹੈ। ਕਰੋੜਾਂ ਔਰਤਾਂ ਇਸ ਦੇ ਭੈੜੇ ਨਤੀਜਿਆਂ ਦਾ ਸ਼ਿਕਾਰ ਬਣ ਚੁਕੀਆਂ ਹਨ ਪਰ ਇਸ ਦੀ ਵਰਤੋਂ ਅਜੇ ਵੀ ਉਸੇ ਤਰ੍ਹਾਂ ਜਾਰੀ ਹੈ।

(ੲ) ਡੀ. ਡੀ. ਟੀ. ਦੇ ਨੁਕਸਾਨਾਂ ਬਾਰੇ 15–20 ਸਾਲਾਂ ਤੋਂ ਪਤਾ ਲੱਗ ਚੁਕਿਆ ਹੈ ਅਤੇ ਸਾਮਰਾਜੀ ਦੇਸ਼ਾਂ ਵਿਚ ਇਸ ਦੇ ਛਿੜਕਾਅ ਦੀ ਮਨਾਹੀ ਹੈ ਪਰੰਤੂ ਇਸ ਦੇ ਤਿਆਰ ਕਰਨ ਦੇ ਸਾਰੇ ਦੇ ਸਾਰੇ ਪਲਾਂਟ ਹੀ ਤੀਜੀ ਦੁਨੀਆ ਵਿੱਚ ਇਨ੍ਹਾਂ ਕੰਪਨੀਆਂ ਨੇ ਭੇਜ ਦਿੱਤੇ ਅਤੇ ਭਾਰਤ ਵਿਚ ਹੁਣ ਭੀ ਇਸ ਦੀ ਥੋਕ ਤੇ ਵਰਤੋਂ ਕੀਤੀ ਜਾ ਰਹੀ ਹੈ।

(ਸ) ਕਲੋਰੋਮਾਈਸਟਿਨ ਨਾਂ ਦੀ ਦਵਾਈ ਦੇ ਭੈੜੇ ਅਸਰਾਂ ਬਾਰੇ ਜਦ ਕੋਈ ਸ਼ੱਕ ਨਾਂ ਰਿਹਾ ਤਾਂ ਅਮਰੀਕਾ ਵਿੱਚ ਇਸ ਦੀ ਟਾਈਫਾਈਡ ਦੇ ਸਿਵਾਏ ਬਾਕੀ ਸਾਰੀਆਂ ਵਿੱਚ ਵਰਤੋਂ ਉਪਰ ਪਾਬੰਦੀ ਲਗਾ ਦਿੱਤੀ। ਇਸ ਤੇ ਪਾਰਕੇ ਡੇਵਿਸ ਕੰਪਨੀ ਨੇ ਇਕ ਕਰੋੜ ਕੈਪਸੂਲ ਦੱਖਣੀ ਵੀਅਤਨਾਮ ਵਿੱਚ ਡੰਪ ਕਰ ਦਿੱਤੇ। ਤੀਜੀ ਦੁਨੀਆਂ ਵਿਚ ਅਜੇ ਭੀ ਇਸ ਦਵਾਈ ਦੀ ਵਰਤੋਂ ਦੀ ਸਿਫਾਰਸ਼ ਅਨੇਕਾਂ ਬੀਮਾਰੀਆਂ ਵਾਸਤੇ ਇਹ ਕੰਪਨੀਆਂ ਕਰਦੀਆਂ ਹਨ ਅਤੇ ਮਸ਼ਹੂਰੀ ਦੇ ਅਜਿਹੇ ਢੰਗ ਅਪਣਾਉਂਦੀਆਂ ਹਨ ਜਿਸ ਨਾਲ ਕਿ ਭੈੜੇ ਅਸਰ ਨਜ਼ਰ ਅੰਦਾਜ਼ ਹੋ ਜਾਣ।

## ਕੰਪਨੀਆਂ ਵਲੋਂ ਖੋਜ-ਇਕ ਪਾਖੰਡ

ਦਵਾ ਕੰਪਨੀਆਂ 300 ਤੋਂ 500 ਰੁਪਏ ਮਹੀਨਾਂ ਤਕ ਦੇ ਕੇ ਪੋਸਟ ਗਰੇਜੂਏਸ਼ਨ ਕਰਦੇ ਡਾਕਟਰਾਂ ਤੋਂ ਡਰੱਗ ਟਰਾਇਲ (ਦਵਾਈਆਂ ਦੀ ਪਰਖ) ਕਰਵਾਉਣ ਦਾ ਢੌਂਗ ਰਚਦੀਆਂ ਹਨ। ਇਸ ਨਾਲ ਕੰਪਨੀਆਂ ਆਪਣੀ ਮਨ ਮਰਜ਼ੀ ਦੇ ਨਤੀਜੇ ਲਿਖਵਾ ਲੈਂਦੀਆਂ ਹਨ ਫਿਰ ਮੈਡੀਕਲ ਕਾਲਜਾਂ ਦੇ ਇਨ੍ਹਾਂ ਡਾਕਟਰਾਂ ਦਾ ਨਾਂ ਵਰਤ ਕੇ ਬਾਕੀ ਡਾਕਟਰਾਂ ਨੂੰ ਬੇਵਕੂਫ ਬਣਾਉਂਦੀਆਂ ਹਨ। ਮੈਡੀਕਲ ਕਾਲਜਾਂ ਦੇ ਇਨ੍ਹਾਂ ਡਾਕਟਰਾਂ ਦੀ ਦਿਆਨਤਦਾਰੀ ਵੀ ਇੰਨੀ ਕੁ ਹੀ ਹੈ ਕਿ ਉਹ 300–500 ਰੁਪਏ ਮਹੀਨਾਂ ਲੈ ਕੇ ਹੀ ਕੰਪਨੀ ਦੀ ਮਰਜ਼ੀ ਦੇ ਨਤੀਜੇ ਦੇ ਦਿੰਦੇ ਹਨ। ਜੇ ਕੋਈ ਲੋਕ ਪੱਖੀ ਡਾਕਟਰ ਕੰਪਨੀ ਦੀ ਗੱਲ ਨਾਂ ਵੀ ਮੰਨੇ ਅਤੇ ਉਸਦੇ ਪ੍ਰਭਾਵ ਥੱਲੇ ਨਾ ਆਵੇ ਤਾਂ ਉਸਦੇ ਨਤੀਜੇ ਛਾਪੇ ਹੀ ਨਹੀਂ ਜਾਂਦੇ।

ਐਲੋਪੈਥਿਕ ਚਕਿਤਸਾ ਪਰਣਾਲੀ ਰਾਹੀਂ ਅਜਾਰੇਦਾਰੀ ਨੇ ਸਵੈਦੇਸ਼ੀ, ਚਕਿਤਸਾ ਦੇ ਢੰਗਾਂ (ਹੋਮੋਪੈਥੀ, ਆਯੂਰਵੇਦ, ਅਤੇ ਯੂਨਾਨੀ ਆਦਿ) ਨੂੰ ਬੇਹਦ ਨੁਕਸਾਨ ਪਹੁੰਚਾਇਆ ਹੈ। ਇਕ ਤਾਂ ਇਨ੍ਹਾਂ ਢੰਗਾਂ ਨੂੰ ਸਿਰਫ ਵਧਣ ਫੁਲਣ ਹੀ ਨਹੀਂ ਦਿਤਾ ਸਗੋਂ ਇਨ੍ਹਾਂ ਨੂੰ ਨਸ਼ਟ ਕਰਣ ਦੀ ਪੂਰੀ ਵਾਹ ਲਾਈ ਗਈ ਹੈ। ਦੂਜੇ ਲੋਕਾਂ ਦੇ ਦਿਮਾਗ ਵਿਚ ਇਹ ਕੋਰਾ ਝੂਠ ਪਾਉਣ ਵਿਚ ਇਹ ਕਾਫੀ ਹੱਦ ਤੱਕ ਕਾਮਯਾਬ ਹਨ ਕਿ ਸਿਰਫ ਐਲੋਪੈਥੀ ਹੀ ਵਿਗਿਆਨਕ ਚਕਿਤਸਾ ਦਾ ਢੰਗ ਹੈ ਬਾਕੀ ਸਭ ਢੰਗ ਗੈਰ ਵਿਗਿਆਨਕ ਹਨ।

ਬਦੇਸ਼ੀ ਤੇ ਦੇਸ਼ੀ ਅਜਾਰੇਦਾਰਾਂ ਦੀ ਸੇਵਾ ਕਰਦਾ ਇਹ ਤਾਣਾ-ਬਾਣਾ ਚਲਦਾ ਰੱਖਣ ਵਿਚ ਮੈਡੀਕਲ ਵਿਦਿਆ ਇਕ ਧੁਰੇ ਦਾ ਪਾਰਟ ਅਦਾ ਕਰਦੀ ਹੈ। ਵਿਸਥਾਰ ਵਿਚ ਨਾ ਜਾਂਦੇ ਹੋਏ ਇਕਤੱਥ ਦਸਣਾ ਹੀ ਕਾਫੀ ਹੋਵੇਗਾ। ਸਾਡੇ ਮੈਡੀਕਲ ਕਾਲਜ ਵਿਚ ਬਣਿਆ ਡਾਕਟਰ ਆਪਣੇ ਆਪ ਨੂੰ ਅਮਰੀਕਾ ਵਿਚ ਨੌਕਰੀ ਕਰਨ ਦੇ ਸਭ ਤੋਂ ਯੋਗ ਸਮਝਦਾ ਹੈ। ਅਮਰੀਕਾ ਵਿਚ ਜਾਣ ਤੇ ਜੇ ਕੋਈ ਰੋਕ ਟੋਕ ਨਾ ਹੋਵੇ ਤਾਂ 95% ਡਾਕਟਰ ਅਮਰੀਕਾ ਚਲੇ ਜਾਣਗੇ। ਡਾਕਟਰੀ ਦੀਆਂ ਕਿਤਾਬਾਂ ਲੱਗ ਭਗ ਸਾਰੀਆਂ ਹੀ ਅਮਰੀਕਾ ਜਾਂ ਇੰਗਲੈਂਡ ਦੀਆਂ ਲਿਖੀਆਂ ਹੋਈਆਂ ਹਨ। ਮੈਡੀਕਲ ਕਾਲਜ ਵਿਚ ਆਉਂਦੇ 150 ਵਿਗਿਆਨਕ ਰਸਾਲਿਆਂ ਵਿਚੋਂ 130 ਬਦੇਸ਼ੀ ਹਨ।

ਬਦੇਸ਼ੀ ਤੇ ਦੇਸੀ ਅਜਾਰੇਦਾਰੀ ਦੀਆਂ ਜੜ੍ਹਾਂ ਬਾਕੀ ਖੇਤਰਾਂ ਵਾਂਗ ਚਕਿਤਸਾ ਵਿਚ ਵੀ ਬਹੁਤ ਡੂੰਘੀਆਂ ਹਨ। ਇਸ ਅਜਾਰੇਦਾਰੀ ਦੇ ਖਾਤਮੇ ਇਨ੍ਹਾਂ ਲੋਕਾਂ ਦੇ ਭਲੇ ਲਈ ਬਹੁਤਾ ਕੁਝ ਕਰਨਾ ਸੰਭਵ ਨਹੀਂ।

## ਤੀਜੀ ਦੁਨੀਆਂ ਦੇ ਲੋਕਾਂ ਵਿਰੁਧ ਸਾਮਰਾਜੀ ਜੁਰਮ

ਸਾਮਰਾਜਵਾਦ ਜਿਸ ਦਾ ਰੂਪ ਪਹਿਲਾਂ ਬਸਤੀਵਾਦ ਸੀ ਤੇ ਹੁਣ ਨਵ-ਬਸਤੀਵਾਦ ਹੈ, ਸਦੀਆਂ ਤੋਂ ਲੋਕਾਂ ਵਿਰੁਧ ਅਣ-ਮਨੁੱਖੀ ਤੇ ਘਿਨਾਉਣੇ ਜੁਰਮ ਕਰਦਾ ਆਇਆ ਹੈ ਤੇ ਹੁਣ ਵੀ ਕਰ ਰਿਹਾ ਹੈ। ਅਜ ਦੇ ਯੁਗ ਵਿਚ ਸਾਮਰਾਜ ਦਾ ਧੁਰਾ ਹਨ—ਬਹੁ ਕੌਮੀ ਕੰਪਨੀਆਂ, ਉਨ੍ਹਾਂ ਦੀਆਂ ਰਖਵਾਲੀਆਂ ਅਮਰੀਕਾ, ਪੱਛਮੀ ਯੂਰਪ ਤੇ ਜਪਾਨ ਦੀਆਂ ਸਰਕਾਰਾਂ ਤੇ ਸੰਸਾਰ ਬੈਂਕ ਵਰਗੀਆਂ ਅੰਤਰ-ਰਾਸ਼ਟਰੀ ਸੰਸਥਾਵਾਂ। ਅਜ ਇਸ ਸਮੂਹਕ ਨਵ-ਬਸਤੀਵਾਦ ਦੀ ਅਗਵਾਈ ਅਮਰੀਕਨ ਸਾਮਰਾਜ-ਵਾਦ ਕਰਦਾ ਹੈ। ਅੰਨ੍ਹੇ ਮੁਨਾਫੇ ਕਮਾਉਣ ਦੀ ਲਾਲਸਾ ਵਿਚ ਬਹੁ-ਕੌਮੀ ਕੰਪਨੀਆਂ ਤੇ ਉਨ੍ਹਾਂ ਦੀਆਂ ਭਾਈਵਾਲ ਤੀਜੀ ਦੁਨੀਆਂ ਦੇ ਦੇਸ਼ਾਂ ਦੀਆਂ ਅਜਾਰੇਦਾਰੀਆਂ ਬੇਹੱਦ

ਘਟੀਆ ਤੇ ਕਮੀਨੇ ਢੰਗ ਵਰਤਦੀਆਂ ਹਨ ।

ਬਸਤੀਵਾਦ ਦੇ ਜ਼ਮਾਨੇ ਨਾਲੋਂ ਅੱਜ ਸਾਮਰਾਜੀ ਜੁਰਮਾਂ ਤੇ ਚਾਲਾਂ ਨੂੰ ਸਮਝਣਾ ਵੱਧ ਔਖਾ ਹੈ । ਕਾਰਨ ਇਹ ਹੈ ਕਿ ਹੁਣ ਸਾਮਰਾਜ ਬਹੁਤ ਹੀ ਲੁਕਵੇਂ ਢੰਗ ਵਰਤਦਾ ਹੈ । ਜਦੋਂ ਕਦੇ ਲੋਕ-ਪੱਖੀ ਲੇਖਕ ਇਨ੍ਹਾਂ ਕਮੀਨੀਆਂ ਚਾਲਾਂ ਦਾ ਪਰਦਾ ਫਾਸ਼ ਕਰਦੇ ਵੀ ਹਨ ਤਾਂ ਉਨ੍ਹਾਂ ਦੀਆਂ ਲਿਖਤਾਂ ਨੂੰ ਲੋਕਾਂ ਤਕ ਪਹੁੰਚਣ ਨਹੀਂ ਦਿਤਾ ਜਾਂਦਾ ਕਿਉਂਕਿ ਸਾਰੇ ਸੰਚਾਰ ਸਾਧਨ ਬਹੁ-ਕੌਮੀ ਕੰਪਨੀਆਂ ਅਤੇ ਉਨ੍ਹਾਂ ਦੇ ਭਾਈਵਾਲਾਂ ਦੇ ਕਬਜ਼ੇ ਵਿਚ ਹਨ ਜੋ ਖੁਦ ਮੁਜਰਮ ਹਨ ।

ਅਮਰੀਕੀ ਰਸਾਲੇ 'ਮਦਰ ਜੋਨਜ਼' ਦੇ ਨਵੰਬਰ, 1979 ਦੇ ਅੰਕ ਵਿਚ ਕੁਝ ਵਿਦਵਾਨਾਂ ਨੇ ਅਜੇਹੇ ਹੀ ਸਾਮਰਾਜੀ ਜੁਰਮਾਂ ਦੀ ਇਕ ਝਲਕ ਪੇਸ਼ ਕੀਤੀ ਹੈ । ਲੇਖ ਵਿਚ ਬਹੁ-ਕੌਮੀ ਕੰਪਨੀਆਂ ਤੇ ਉਨ੍ਹਾਂ ਦੀ ਰਾਖੀ ਕਰਦੀਆਂ ਸਰਕਾਰਾਂ ਤੇ ਸੰਸਥਾਵਾਂ ਦੀਆਂ ਮੁਜਰਮਾਨਾਂ ਹਰਕਤਾਂ ਦੇ ਕੁਝ ਨਮੂਨੇ ਦਿਖਾਏ ਗਏ ਹਨ ।

## (1) ਸੇਹਤ ਲਈ ਹਾਨੀਕਾਕ ਕਰਖਾਨੇ-ਤੀਜੀ ਦੁਨੀਆਂ ਲਈ

ਅਮਰੀਕਾ ਤੇ ਯੂਰਪੀ ਦੇਸ਼ਾਂ ਦੇ ਲੋਕ ਕਾਰਖਾਨਿਆਂ ਰਾਹੀਂ ਵਾਤਾਵਰਣ ਗੰਦੇ ਹੋਣ ਤੋਂ ਬਹੁਤ ਚੇਤਨ ਹਨ ਇਸ ਲਈ ਉਥੇ ਵਾਤਾਵਰਣ ਨੂੰ ਕਾਰਖਾਨਿਆਂ ਤੋਂ ਬਚਾਉਣ ਲਈ ਕਾਨੂੰਨ ਵੀ ਸਖਤ ਹਨ । ਜਿਨ੍ਹਾਂ ਕਾਰਖਾਨਿਆਂ ਬਾਰੇ ਇਹ ਪਤਾ ਲੱਗ ਜਾਵੇ ਕਿ ਉਹ ਵਾਤਾਵਰਣ ਗੰਦਾ ਕਰਦੇ ਹਨ ਤਾਂ ਉਨ੍ਹਾਂ ਨੂੰ ਇਹ ਬਹੁ ਕੌਮੀ ਕੰਪਨੀਆਂ ਉਥੋਂ ਪੁਟ ਕੇ ਤੀਜੀ ਦੁਨੀਆਂ ਦੇ ਦੇਸ਼ਾਂ ਨੂੰ ਬਰਾਮਦ ਕਰ ਦਿੰਦੀਆਂ ਹਨ । ਜਿਥੇ ਨਾਂ ਤਾਂ ਲੋਕ ਹੀ ਚੇਤਨ ਹਨ ਤੇ ਨਾ ਹੀ ਕਾਨੂੰਨ ਇਸ ਨੂੰ ਰੋਕਦੇ ਹਨ । ਅਜੇਹੇ ਅਨੇਕਾਂ ਹੀ ਕਾਰਖਾਨੇ ਤੀਜੀ ਦੁਨੀਆਂ ਵਿਚ ਚਲ ਰਹੇ ਹਨ ਤੇ ਇਥੋਂ ਦੇ ਲੋਕਾਂ ਦੀ ਸਿਹਤ ਨੂੰ ਨੁਕਸਾਨ ਪਹੁੰਚਾ ਰਹੇ ਹਨ ।

## (2) ਖਤਰਨਾਕ ਕੀੜੇ-ਮਾਰ ਦਵਾਈਆਂ— ਸਿਰਫ ਬਰਾਮਦ ਲਈ

ਅਮਰੀਕਾ ਵਿਚ ਹਰ ਸਾਲ ਕੋਈ 80 ਲਖ ਕੁਐਂਟਲ ਕੀੜੇ-ਮਾਰ ਦੁਆਈਆਂ ਬਣਾਈਆਂ ਜਾਂਦੀਆਂ ਹਨ । ਇਸ ਵਿਚੋਂ 40% ਬਰਾਮਦ ਕਰ ਦਿੱਤੀਆਂ ਜਾਂਦੀਆਂ ਹਨ (ਪੱਛਮੀ ਦੇਸ਼ਾਂ ਦੇ ਜੋ ਕਾਰਖਾਨੇ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਲਗੇ ਹਨ ਉਹ ਵੱਖਰੇ ਹਨ) । ਬਰਾਮਦ ਕੀਤੀਆਂ ਜਾਂਦੀਆਂ ਲੱਗ ਭਗ ਸਾਰੀਆਂ ਹੀ ਦੁਆਈਆਂ ਨੂੰ ਅਮਰੀਕਾ ਵਿਚ ਵਰਤਨ ਦੀ ਮਨਾਹੀ ਹੈ । ਪਰ ਕਮਾਲ ਇਹ ਹੈ ਕਿ ਅਮਰੀਕੀ ਕਾਨੂੰਨ ਮੁਤਾਬਕ ਇਨ੍ਹਾਂ ਦੁਆਈਆਂ ਨੂੰ ਬਰਾਮਦ ਕਰਨ ਉਤੇ ਕੋਈ ਰੋਕ ਨਹੀਂ । 'ਮਦਰ ਜੋਨਜ਼' ਦੇ ਵਿਦਵਾਨਾਂ ਅਨੁਸਾਰ ਅਮਰੀਕਾ ਤੇ ਪੱਛਮੀ ਯੋਰਪ 'ਚੋਂ ਬਰਾਮਦ ਕੀਤੀਆਂ ਦਵਾਈਆਂ ਨਾਲ ਹਰ ਸਾਲ ਪੰਜ ਲੱਖ ਲੋਕਾਂ ਨੂੰ ਜ਼ਹਿਰ ਚੜ੍ਹਦਾ ਹੈ (ਇਹ ਗਿਣਤੀ ਸਿਰਫ ਉਨ੍ਹਾਂ ਲੋਕਾਂ ਦੀ ਹੈ ਜੋ ਜ਼ਹਿਰ ਚੜ੍ਹਨ ਦੇ ਲੱਛਣਾਂ ਕਾਰਨ ਹਸਪਤਾਲ ਆਉਂਦੇ ਹਨ—ਜਿਨ੍ਹਾਂ ਨੂੰ ਜ਼ਹਿਰ ਚੜ੍ਹਣ ਦਾ ਪਤਾ ਨਹੀਂ ਲੱਗਦਾ ਉਨ੍ਹਾਂ ਦੀ ਗਿਣਤੀ ਦਾ ਕੁਝ ਪਤਾ ਨਹੀਂ) ।

1972 ਵਿਚ ਇਰਾਕ ਵਿਚ 400 ਵਿਅਕਤੀਆਂ ਦੀ ਮੌਤ ਹੋ ਗਈ ਤੇ 5000 ਨੂੰ ਹਸਪਤਾਲ ਦਾਖਲ ਕਰਾਉਣਾ ਪਿਆ ਕਿਉਂਕਿ ਉਹ ਅਜੇਹੇ ਅਨਾਜ ਤੋਂ ਬਣਿਆ ਖਾਣਾ ਖਾ ਰਹੇ ਸਨ ਜਿਸ ਤੇ ਇਕ ਉਲੀ-ਮਾਰ (ਫੰਗੀਸਾਈਡ) ਦੁਆਈ ਵਰਤੀ ਗਈ ਸੀ । ਇਸ ਦਵਾਈ ਦੇ ਅਮਰੀਕਾ ਵਿਚ ਵਰਤਣ ਤੇ ਮਨਾਹੀ ਸੀ ।

ਮਿਸਰ ਵਿਚ ਅਨੇਕਾਂ ਕਿਸਾਨਾਂ ਤੇ ਹਜ਼ਾਰ ਮੱਝਾਂ ਦੀ ਲੈਪਟੋਫਾਸ ਨਾਂ ਦੀ ਕੀੜੇ-ਮਾਰ ਦੁਆਈ ਕਾਰਨ ਮੌਤ ਹੋ ਗਈ । ਇਸ ਦੁਆਈ ਦੀ ਅਮਰੀਕਾ ਵਿਚ ਵਰਤਣ ਦੀ ਤਾਂ ਅ ਗਿਆ ਨਹੀਂ ਸੀ ਪਰ ਪੈਦਾ ਕਰਣ ਵਾਲੀ ਬਹੁ-ਕੌਮੀ ਕੰਪਨੀ ਇਸ ਨੂੰ ਤੀਹ ਦੇਸ਼ਾਂ ਵਿਚ ਬਰਾਮਦ ਕਰ ਰਹੀ ਸੀ ।

ਲਾਤੀਨੀ ਅਮਰੀਕਾ ਵਿਚ ਕੀਤੇ ਇਕ ਸਰਵੇਖਣ ਅਨੁਸਾਰ ਉਥੇ ਵਿਕਦੀ ਬੰਦ ਗੋਭੀ ਵਿਚ 'ਐਲਡਰੀਨ' ਨਾਂ ਦੀ ਦੁਆਈ ਦੀ ਮਾਤਰਾ ਅਮਰੀਕਾ ਖਾਣੇ ਵਿਚ ਵੱਧ ਤੋਂ ਵੱਧ ਮਨਜ਼ੂਰ ਸ਼ੁਦਾ ਮਾਤਰਾ ਨਾਲੋਂ ਦੋ ਹਜ਼ਾਰ ਗੁਣਾਂ ਵੱਧ ਸੀ ।

ਇਸੇ ਤਰ੍ਹਾਂ ਇਕ ਹੋਰ ਸਰਵੇਖਣ ਅਨੁਸਾਰ ਗੁਏਤਮਾਲਾ ਤੇ ਨਿਕਾਰਗੁਹਾ ਦੇ ਲੋਕਾਂ ਦੇ ਖ਼ੂਨ ਵਿਚ ਡੀ.ਡੀ.ਟੀ. ਦੀ ਮਾਤਰਾ ਅਮਰੀਕੀਆਂ ਨਾਲੋਂ ਤੀਹ ਗੁਣ ਵੱਧ ਸੀ ।

## (3) ਕੈਂਸਰ ਕਰਣ ਵਾਲੇ ਕਪੜੇ ਬਰਾਮਦ

ਇਕ ਅਮਰੀਕੀ ਬਹੁ-ਕੌਮੀ ਕੰਪਨੀ ਨੇ ਬੱਚਿਆਂ ਦੇ ਕਪੜਿਆਂ ਤੇ 'ਟਰਿਸ' ਨਾਂ ਦਾ ਰਸਾਇਣਕ ਪਦਾਰਥ ਲਾਉਣਾ ਸ਼ੁਰੂ ਕਰ ਦਿਤਾ । ਪਰ ਬਾਦ ਵਿਚ ਪਤਾ ਚਲਿਆ ਕਿ 'ਟਰਿਸ' ਤਾਂ ਕੈਂਸਰ ਪੈਦਾ ਕਰਦਾ ਹੈ । ਇਸ ਤੇ ਇਨ੍ਹਾਂ ਕਪੜਿਆਂ ਦੀ ਵਿਕਰੀ ਅਮਰੀਕਾ ਵਿਚ ਰੋਕ ਦਿੱਤੀ ਗਈ । ਪਰ ਕਰੋੜਾਂ ਦੀ ਗਿਣਤੀ ਵਿਚ ਇਹ ਕਪੜੇ ਤੀਜੀ ਦੁਨੀਆਂ ਦੇ ਦੇਸ਼ਾਂ ਨੂੰ ਬਰਾਮਦ ਕਰ ਦਿਤੇ ਗਏ । ਇਨ੍ਹਾਂ ਨਾਲ ਕਿੰਨਿਆਂ ਬੱਚਿਆਂ ਨੂੰ ਕੈਂਸਰ ਹੋਈ ਹੋਵੇਗੀ, ਇਸ ਦਾ ਕੁਝ ਪਤਾ ਨਹੀਂ ।

## (4) ਸਾਹ ਰੋਕਣ ਵਾਲੀਆਂ ਚੁੰਘਣੀਆਂ

ਅਮਰੀਕਾ ਦੀਆਂ ਪੰਜ ਕੰਪਨੀਆਂ ਨੇ ਬੱਚਿਆਂ ਨੂੰ ਚੁਪ ਕਰਾਉਣ ਵਾਲੀਆਂ ਖਾਸ ਤਰ੍ਹਾਂ ਦੀਆਂ ਚੁੰਘਣੀਆਂ ਬਣਾਈਆਂ । ਪਰ ਇਨ੍ਹਾਂ ਚੁੰਘਣੀਆਂ ਕਾਰਨ ਸਾਹ ਰੁਕਣ ਕਾਰਣ ਕਈ ਬੱਚਿਆਂ ਦੀ ਮੌਤ ਹੋ ਜਾਣ ਤੇ ਅਮਰੀਕਾ ਵਿਚ ਇਨ੍ਹਾਂ ਦੀ ਵਿਕਰੀ ਰੋਕ ਦਿਤੀ ਗਈ। ਇਸ ਤੋਂ ਪੰਜਾਂ ਹੀ ਕੰਪਨੀਆਂ ਨੇ ਚਾਰ ਲੱਖ ਪੰਜਾਹ ਹਜ਼ਾਰ ਚੁੰਘਣੀਆਂ ਤੀਜੇ ਦੇਸ਼ਾਂ ਨੂੰ ਬਰਾਮਦ ਕਰ ਦਿੱਤੀਆਂ।

## (5) ਖਤਰਨਾਕ ਦਵਾਈਆਂ

ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਵਿਕਦੀਆਂ ਦੁਆਈਆਂ ਤੇ ਬਹੁ-ਕੌਮੀ ਕੰਪਨੀਆਂ ਦੀ ਅਜਾਰੇਦਾਰੀ ਹੈ। ਇਨ੍ਹਾਂ ਕੰਪਨੀਆਂ ਦੀਆਂ ਪੈਦਾ ਕੀਤੀਆਂ ਬਹੁਤ ਸਾਰੀਆਂ ਦਵਾਈਆਂ ਅਮਰੀਕਾ ਵਿਚ ਤਾਂ ਸਿਹਤ ਡਾਕਟਰੀ ਦੇਖ-ਰੇਖ ਹੇਠ ਹੀ ਵੇਚੀਆਂ ਜਾਂਦੀਆਂ ਹਨ। ਪਰ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਇਹ ਬਿਨਾਂ ਕਿਸੇ ਡਾਕਟਰੀ ਸਲਾਹ ਤੋਂ ਵੀ ਆਮ ਹੀ ਵੇਚੀਆਂ ਜਾ ਰਹੀਆਂ ਹਨ। ਅਜੇਹੀਆਂ ਹੀ ਦੁਆਈਆਂ ਵਿਚੋਂ ਇਕ ਹੈ 'ਲੋਮੋਟਿਲ' ਜੋ ਟੱਟੀਆਂ ਵਾਸਤੇ ਵਰਤੀ ਜਾਂਦੀ ਹੈ। ਪਰ ਜੇ ਇਸ ਦੁਆਈ ਨੂੰ ਨਿਸ਼ਚਿਤ ਮਾਤਰਾ ਤੋਂ ਥੋੜਾ ਜਿਹਾ ਹੀ ਵੱਧ ਵਰਤਿਆ ਜਾਵੇ ਤਾਂ ਮੌਤ ਤੱਕ ਹੋ ਸਕਦੀ ਹੈ। ਭਾਰਤ ਵਿਚ ਕੋਈ ਵੀ ਵਿਅਕਤੀ ਜਿਸ ਨੂੰ ਲੋਮੋਟਿਲ ਦਾ ਨਾਂ ਪਤਾ ਹੈ ਦੁਕਾਨ ਤੋਂ ਖਰੀਦ ਸਕਦਾ ਹੈ।

ਇਕ ਹੋਰ ਦੁਆਈ ਜਿਸ ਦਾ ਨਾਂ 'ਵਿੰਸਟਰੋਲ' ਹੈ, ਬਰਾਜ਼ੀਲ ਵਿਚ 'ਬੱਚਿਆਂ ਦੀ ਭੁੱਖ ਵਧਾਉਣ ਲਈ' ਕਹਿਕੇ ਆਮ ਹੀ ਵੇਚੀ ਜਾ ਰਹੀ ਹੈ। ਜਦੋਂ ਕਿ ਇਸ ਦੁਆਈ ਬਾਰੇ ਸਾਫ ਪਤਾ ਹੈ ਕਿ ਇਹ ਬੱਚਿਆਂ ਦਾ ਵੱਧਣ-ਫੁੱਲਣ ਰੋਕਦੀ ਹੈ।

'ਕਲੋਰੋਮਾਈਸੀਟਿਨ' ਨਾਂ ਦੀ ਦਵਾਈ ਤੇ ਭੈੜੇ ਅਸਰਾਂ ਬਾਰੇ ਹੁਣ ਕਿਸੇ ਨੂੰ ਕੋਈ ਸ਼ੱਕ ਨਹੀਂ । ਇਸ ਲਈ ਅਮਰੀਕਾ ਵਿਚ ਇਸ ਦੀ ਵਰਤੋਂ ਉਪਰ ਪਾਬੰਦੀ ਲਗਾ ਦਿੱਤੀ ਗਈ ਹੈ। ਫਿਰ ਵੀ ਤੀਜੀ ਦੁਨੀਆਂ ਦੇ ਹੋਰ ਦੇਸ਼ਾਂ ਵਿਚ ਅਜੇ ਵੀ ਬਹੁ ਕੌਮੀ ਕੰਪਨੀਆਂ ਇਸ ਦਵਾਈ ਦੀ ਵਰਤੋਂ ਦੀ ਸਿਫਾਰਸ਼ ਅਨੇਕਾਂ ਬਿਮਾਰੀਆਂ ਵਿਚ ਕਰਦੀਆਂ ਹਨ।

## (6) ਖਤਰਨਾਕ ਗਰਭ ਰੋਕੂ ਤਰੀਕੇ

ਤੀਜੀ ਦੁਨੀਆਂ ਦੇ ਲੋਕਾਂ ਤੇ ਕਈ ਅਜੇਹੇ ਗਰਭ ਰੋਕੂ ਤਰੀਕੇ ਵਰਤੇ ਜਾ ਰਹੇ ਹਨ ਜੋ ਕਿ ਸਰੀਰ ਤੇ ਬੇਹੱਦ ਭੈੜੇ ਅਸਰ ਪਾਉਂਦੇ ਹਨ ਅਤੇ ਖਤਰਨਾਕ ਬਿਮਾਰੀਆਂ ਪੈਦਾ ਕਰਦੇ ਹਨ।

ਗਰਭ ਰੋਕੂ ਲੂਪ ਜਿਸ ਨੂੰ ਕਿ ਪੱਛਮੀ ਦੇਸ਼ਾਂ ਵਿਚ ਕੋਈ ਨਹੀਂ ਵਰਤਦਾ ਕਿਉਂਕਿ ਉਸ ਦੇ ਸ਼ਰੀਰ ਤੇ ਬੇਹੱਦ ਮਾੜੇ ਅਸਰ ਪੈਂਦੇ ਹਨ। ਪਰ ਤੀਜੀ ਦੁਨੀਆਂ ਵਿਚ ਪਿਛਲੇ 20 ਸਾਲ ਤੋਂ ਇਹ ਵਡੇ ਪੈਮਾਨੇ ਤੇ ਵਰਤਿਆ ਜਾ ਰਿਹਾ ਹੈ ਤੇ ਕਰੋੜਾਂ ਔਰਤਾਂ ਇਸ ਦੇ ਭੈੜੇ ਅਸਰਾਂ ਦਾ ਸ਼ਿਕਾਰ ਹੋ ਚੁੱਕੀਆਂ ਹਨ।

ਅਨੇਕਾਂ ਬਹੁ-ਕੌਮੀ ਕੰਪਨੀਆਂ ਗਰਭ ਰੋਕੂ ਗੋਲੀਆਂ ਦੋ ਦਹਾਕਿਆਂ ਤੋਂ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਥੋਕ ਤੇ ਵੇਚ ਰਹੀਆਂ ਹਨ। ਇਹ ਗੋਲੀਆਂ ਕਦੇ ਵੀ ਵਿਗਿਆਨਕ ਢੰਗ ਨਾਲ ਟੈਸਟ ਨਹੀਂ ਕੀਤੀਆਂ ਗਈਆਂ ਤੇ ਪਿਛਲੇ ਕਈ ਸਾਲਾਂ ਤੋਂ ਇਨ੍ਹਾਂ ਗੋਲੀਆਂ ਦੇ ਸਰੀਰ ਤੇ ਪੈਂਦੇ ਭੈੜੇ ਅਸਰਾਂ ਬਾਰੇ ਸੈਂਕੜੇ ਰਿਪੋਰਟਾਂ ਛਪ ਚੁੱਕੀਆਂ ਹਨ।

'ਡਿਪੋ-ਪ੍ਰੋਵੇਰਾ' ਨਾਂ ਦਾ ਗਰਭ ਰੋਕੂ ਟੀਕਾ ਵਰਤਣ ਤੇ ਅਮਰੀਕਾ ਵਿਚ ਮਨਾਹੀ ਹੈ; ਕਿਉਂਕਿ ਇਹ ਕੈਂਸਰ ਕਰਦਾ ਹੈ। ਐਥੋਂ ਤਕ ਕਿ ਜਿੰਨਾਂ ਜਾਨਵਰਾਂ ਤੇ ਇਸ ਟੀਕੇ ਨੂੰ ਟੈਸਟ ਕੀਤਾ ਗਿਆ ਉਨ੍ਹਾਂ ਨੂੰ ਵੀ ਕੈਂਸਰ ਹੋ ਗਈ। ਪਰ 'ਉਪਜੋਹਨ' ਨਾਂ ਦੀ ਕੰਪਨੀ ਜੋ ਇਸ ਟੀਕੇ ਨੂੰ ਪੈਦਾ ਕਰਦੀ ਹੈ ਆਪਣੀ ਬੈਲਜੀਅਮ ਵਿਚਲੀ ਸ਼ਾਖਾ ਰਾਹੀਂ 70 ਦੇਸ਼ਾਂ ਨੂੰ ਬਰਾਮਦ ਕਰ ਰਹੀ ਹੈ।

1972 ਵਿਚ 'ਏਡ' ਨਾਂ ਦੀ ਅਮਰੀਕੀ ਸਰਕਾਰ ਦੀ ਸੰਸਥਾ ਦੇ ਪਰਿਵਾਰ ਨਿਯੋਜਨ ਦਫਤਰ ਨੇ ਗਰਭ ਰੋਕੂ 'ਡਾਲਕੋਨ ਸ਼ੀਲਡਾਂ' ਦੀ ਤੀਜੀ ਦੁਨੀਆਂ ਦੇ ਦੇਸ਼ਾਂ ਨੂੰ ਭੇਜਣ ਲਈ ਥੋਕ ਤੇ ਖਰੀਦ ਉਦੋਂ ਕੀਤੀ ਜਦੋਂ ਕਿ ਅਮਰੀਕੀ ਪ੍ਰੈਸ ਵਿਚ ਇਨ੍ਹਾਂ ਸ਼ੀਲਡਾਂ ਦੇ ਖਤਰਨਾਕ ਅਸਰਾਂ ਬਾਰੇ ਅਨੇਕਾਂ ਰਿਪੋਰਟਾਂ ਛਪਣ ਤੋਂ ਬਾਅਦ ਅਮਰੀਕਾ ਵਿਚ ਇਸ ਦੀ ਵਰਤੋਂ ਬੰਦ ਹੋ ਚੁੱਕੀ ਸੀ।

'ਮਦਰ ਜੋਨਜ਼' ਵਿਚ ਛਪੇ ਲੇਖ ਦੇ ਲੇਖਕਾਂ ਨੇ ਬਹੁ ਕੌਮੀ ਕੰਪਨੀਆਂ ਤੇ ਅਮਰੀਕੀ ਸਰਕਾਰ ਦੇ ਤੀਜੀ ਦੁਨੀਆਂ ਦੇ ਲੋਕਾਂ ਤੇ ਖਤਰਨਾਕ ਗਰਭ ਰੋਕੂ ਢੰਗ ਵਰਤਨ ਨੂੰ ਵਿਸ਼ਵ-ਵਿਆਪੀ ਕੁਲ ਨਾਸ਼ ਕਰਨ ਬਰਾਬਰ ਦਸਿਆ ਹੈ।

ਪਰ ਅਮਰੀਕੀ ਸਰਕਾਰ ਤੇ ਬਹੁ ਕੌਮੀ ਕੰਪਨੀਆਂ ਅਜੇਹਾ ਕਿਉਂ ਕਰਦੀਆਂ ਹਨ ?

ਇਸ ਵਿਸ਼ੇ ਤੇ ਅਮਰੀਕੀ 'ਏਡ' ਦੇ ਵਸੋਂ ਬਾਰੇ ਦਫਤਰ ਦੇ ਮੁਖੀ ਡਾ: ਆਰ. ਟੀ. ਰੇਵਨ ਹੋਲਟ ਦੇ ਇਕ ਇੰਟਰਵਿਊ ਵਿਚ ਕਹੇ ਸ਼ਬਦਾਂ ਤੋਂ ਇਹ ਸਾਫ ਹੈ ਕਿ ਉਨ੍ਹਾਂ ਲਈ ਗਰਭ ਰੋਕੂ ਤਰੀਕਿਆਂ ਦੇ ਨੁਕਸਾਨ-ਦੇਹ ਅਸਰਾਂ ਨਾਲੋਂ ਹੋਰ ਗੱਲਾਂ ਵਧ ਜ਼ਰੂਰੀ ਹਨ। ਉਨ੍ਹਾਂ

ਕਿਹਾ ਸੀ—ਗਰਭ ਰੋਕੂ ਤਰੀਕੇ ਬਰਾਮਦ ਕਰਨਾਂ ਅਮਰੀਕੀ ਵਿਦੇਸ਼ੀ ਨੀਤੀ ਦੀ ਲੋੜ ਹੈ ਕਿਉਂਕਿ "ਜੇ ਆਬਾਦੀ ਦਾ ਧਮਾਕਾ ਕੁਨ ਵਾਧਾ ਨਾ ਰੋਕਿਆ ਗਿਆ ਤਾਂ ਇਹ ਇਨਕਲਾਬਾਂ ਦਾ ਆਧਾਰ ਬਣੇਗਾ" ਤੇ ਆਬਾਦੀ ਦੀ ਰੋਕ ਥਾਮ "ਸਾਰੀ ਦੁਨੀਆਂ ਵਿਚ ਅਮਰੀਕੀ ਵਪਾਰਕ ਹਿਤਾਂ ਨੂੰ ਕਾਇਮ ਰੱਖਣ ਲਈ" ਬਹੁਤ ਜ਼ਰੂਰੀ ਹੈ। ਆਪਣੇ ਵਪਾਰਕ ਹਿਤਾਂ ਨੂੰ ਕਾਇਮ ਰਖਣ ਲਈ ਬਹੁ ਕੌਮੀ ਕੰਪਨੀਆਂ ਤੇ ਅਮਰੀਕੀ ਸਰਕਾਰ ਗੈਰ ਮਨੁੱਖੀ ਤੇ ਮੁਜ਼ਰਮਾਨਾਂ ਹਰਕਤਾਂ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ।

ਨੁਕਸਾਨ ਦੇਹ ਗਰਭ ਰੋਕੂ ਤਰੀਕਿਆਂ ਦੀ ਵਿਕਰੀ ਦੇ ਖਿਲਾਫ ਅਮਰੀਕੀ ਔਰਤਾਂ ਵਲੋਂ ਕਾਫੀ ਆਵਾਜ਼ ਉਠਾਈ ਗਈ ਹੈ। ਇਕ ਇਸਤਰੀ ਲੀਡਰ ਅਨੁਸਾਰ, "ਅਸੀਂ ਜਿਨ੍ਹਾਂ ਚੀਜ਼ਾਂ ਦੇ ਖਿਲਾਫ ਇਥੇ ਲੜ ਰਹੇ ਹਾਂ — ਅਸੀਂ ਦੇਖਦੇ ਹਾਂ ਕਿ ਉਨ੍ਹਾਂ ਨੂੰ ਬਰਾਮਦ ਕਰ ਦਿਤਾ ਜਾਂਦਾ ਹੈ — ਪਰ ਅਸੀਂ ਇਹ ਕਦੀ ਬਰਦਾਸ਼ਤ ਨਹੀਂ ਕਰਾਂਗੇ ਕਿ ਸਾਡੀ ਇਥੇ ਦੀ ਜਿੱਤ ਬਦੇਸ਼ਾਂ ਵਿਚ ਭਾਰੀ ਦੁਖਾਂਤ ਬਣੇ"। ਇਸਤਰੀ ਲੀਡਰਾਂ ਇਹ ਮੰਨਦੀਆਂ ਹਨ ਕਿ ਖਤਰਨਾਕ ਗਰਭ ਰੋਕੂ ਤਰੀਕਿਆਂ ਦੇ ਵਿਰੁਧ ਔਰਤਾਂ ਨੂੰ ਚੇਤਨ ਕਰਨ ਲਈ ਉਨ੍ਹਾਂ ਕੋਲ ਕੌਮਾਂਤਰੀ ਪੱਧਰ ਤੇ ਢਾਂਚਾ ਨਹੀਂ — ਤੇ ਅਮਰੀਕੀ ਕੰਪਨੀਆਂ ਤੇ ਅਮਰੀਕੀ ਏਡ (AID) ਦੇ ਪ੍ਰਚਾਰ ਸਾਧਨ ਉਨ੍ਹਾਂ ਤੋਂ ਬਹੁਤ ਜ਼ਿਆਦਾ ਹਨ।

ਇਸ ਘਾਟ ਨੂੰ ਪੂਰਾ ਕਰਨ ਲਈ ਲੋਕ ਪੱਖੀ ਲੇਖਕਾਂ ਤੇ ਹੋਰ ਪੜ੍ਹੇ ਲਿਖੇ ਲੋਕਾਂ ਦਾ ਇਹ ਨੈਤਕ ਫਰਜ਼ ਬਣਦਾ ਹੈ ਕਿ ਉਹ ਮਨੁਖਤਾ ਦੇ ਵਿਰੁਧ ਇਨ੍ਹਾਂ ਸਾਮਰਾਜੀ ਪਾਪਾਂ ਦਾ ਪਰਦਾ ਫਾਸ਼ ਕਰਨ।

ਜਮਹੂਰੀ ਤੇ ਮਨੁਖੀ ਹੱਕਾਂ ਦੀ ਰਾਖੀ ਲਈ ਚਿੰਤਤ ਸਭ ਵਿਅਕਤੀਆਂ ਤੇ ਜਥੇਬੰਦੀਆਂ ਲਈ ਇਹ ਇਕ ਵੰਗਾਰ ਹੈ ਕਿ ਸਦੀਆਂ ਤੋਂ ਚਲੇ ਆਉਂਦੇ ਇਹ ਜੁਰਮ ਕਿੰਨਾ ਕੁ ਚਿਰ ਹੋਰ ਚਲਦੇ ਰਹਿਣਗੇ।

---

# ਰੂਸ ਦੀ ਨੈਤਿਕ ਉੱਨਤੀ

[ਮੁਨਸ਼ੀ ਪ੍ਰੇਮ ਚੰਦ

ਰੂਸ ਨੂੰ ਬਦਨਾਮ ਕਰਨ ਵਾਲੇ ਅਖਬਾਰਾਂ ਵਿਚ ਹਮੇਸ਼ਾ ਇਹੋ ਲਿਖਿਆ ਜਾਂਦਾ ਹੈ ਕਿ ਰੂਸ ਵਿਚ ਵਿਆਹ ਦੀ ਰਸਮ ਖਤਮ ਵਾਂਗ ਹੋ ਗਈ ਹੈ, ਟੱਬਰ ਦਾ ਢਾਂਚਾ ਨਸ਼ਟ ਹੋ ਗਿਆ ਹੈ। ਔਰਤ-ਮਰਦ ਮਰਜ਼ੀ ਨਾਲ ਸਹਿਵਾਸ ਕਰਦੇ ਰਹਿੰਦੇ ਹਨ, ਆਦਿ ! ਪਰ ਏਧਰ ਇਕ-ਦੋ ਭਾਰਤੀ ਸੱਜਣਾਂ ਨੇ ਉਥੋਂ ਦਾ ਜੋ ਅੱਖੀਂ ਦੇਖਿਆ ਬਿਰਤਾਂਤ ਲਿਖਿਆ ਹੈ, ਉਸਤੋਂ ਤਾਂ ਪਤਾ ਲਗਦਾ ਹੈ ਕਿ ਰੂਸ ਵਿਚ ਕਿਸੇ ਹੋਰ ਗੱਲ ਵਿਚ ਤਰੱਕੀ ਹੋਈ ਹੋਵੇ ਜਾਂ ਨਹੀਂ ਪਰ ਨੈਤਿਕ ਦ੍ਰਿਸ਼ਟੀ ਤੋਂ ਤਾਂ ਪੱਛਮ ਦੀਆਂ ਸਭ ਉੱਨਤ ਜਾਤੀਆਂ ਤੋਂ ਅਗਾਂਹ ਨਿਕਲ ਗਿਆ ਹੈ। ਉਥੇ ਬਾਜ਼ਾਰਾਂ ਵਿਚ ਵੇਸ਼ਵਾਵਾਂ ਆਪਣੇ ਸ਼ਿਕਾਰ ਦੀ ਭਾਲ ਵਿਚ ਚੱਕਰ ਲਾਉਂਦਿਆਂ ਨਜ਼ਰ ਨਹੀਂ ਆਉਂਦੀਆਂ, ਨਾ ਹੋਟਲਾਂ ਅਤੇ ਕਾਫੀ ਹਾਊਸਾਂ ਵਿਚ ਵੀ ਔਰਤਾਂ ਦੇ ਨੰਗੇ ਚਿੱਤਰ ਨਜ਼ਰ ਆਉਂਦੇ ਹਨ, ਜਿਵੇਂ ਕਿ ਯੂਰਪ ਅਤੇ ਆਤਸ਼ਕ ਵਰਗੀਆਂ ਬੀਮਾਰੀਆਂ ਜੋ ਯੂਰਪ ਵਿਚ ਦਿਨ-ਬ-ਦਿਨ ਵਧ ਰਹੀਆਂ ਹਨ, ਰੂਸ ਵਿਚ ਬਹੁਤ ਘੱਟ ਹੋ ਗਈਆਂ ਹਨ ਅਤੇ ਉਥੋਂ ਦੇ ਡਾਕਟਰਾਂ ਨੂੰ ਉਮੀਦ ਹੈ ਕਿ ਕੁਝ ਦਿਨਾਂ ਵਿਚ ਫਿਰੰਗੀ ਬਿਮਾਰੀਆਂ ਜੜੋਂ ਨਸ਼ਟ ਹੋ ਜਾਣਗੀਆਂ ! ਵੇਸ਼ਵਾ ਬਿਰਤੀ ਦਾ ਮੂਲ ਕਾਰਣ ਆਰਥਕ ਸੰਕਟ ਹੈ, ਜੋ ਬਾਦ ਵਿਚ ਮਾਨਸਕ ਕਮਜ਼ੋਰੀ ਦਾ ਰੂਪ ਧਾਰ ਲੈਂਦਾ ਹੈ। ਜਿਥੇ ਧਨ ਥੋੜੇ ਆਦਮੀਆਂ ਦੇ ਹੱਥਾਂ ਵਿਚ ਹੈ, ਉਥੇ ਲਾਜ਼ਮੀ ਹੈ ਕਿ ਅਮੀਰ ਲੋਕ ਆਪਣੀ ਵਿਲਾਸਤਾ ਨੂੰ ਤ੍ਰਿਪਤ ਕਰਨ ਲਈ ਲਾਲਚਾਂ ਤੋਂ ਕੰਮ ਲੈਣ। ਉਸੇ ਤੋਂ ਬਿਮਾਰੀਆਂ ਵੀ ਫੈਲਦੀਆਂ ਹਨ। ਜਦ ਕਿਸੇ ਕੋਲ ਏਨਾਂ ਧਨ ਹੋਵੇ ਹੀ ਨਾ ਕਿ ਉਹ ਉਸਨੂੰ ਵਿਲਾਸਤਾ ਵਿਚ ਉਡਾ ਸਕੇ ਤਾਂ ਵੇਸਵਾ ਬਿਰਤੀ ਆਪਣੇ ਆਪ ਖਤਮ ਹੋ ਜਾਵੇਗੀ। ਫੇਰ ਜਦ ਔਰਤਾਂ ਲਈ ਜ਼ਿੰਦਗੀ ਦੇ ਕਿਸੇ ਹਿੱਸੇ ਵਿਚ ਕੋਈ ਰੁਕਾਵਟ ਨਹੀਂ ਤਾਂ ਉਹ ਕਿਉਂ ਇਸ ਸ਼ਰਮਨਾਕ ਬਿਰਤੀ ਦਾ ਆਸਰਾ ਲੈਣ। ਧਨ ਲਈ ਕੋਈ ਰੂਪ ਨੂੰ ਵੇਚਣਾ ਪਸੰਦ ਨਹੀਂ ਕਰਦੀ, ਉਹ ਤਾਂ ਪਿਆਰ ਲਈ ਹੀ ਆਤਮ-ਸਮਰਪਣ ਕਰਨਾ ਚਾਹੁੰਦੀ ਹੈ। ਜੇ ਉਹ ਮਿਹਨਤ ਨਾਲ ਆਪਣੀ ਜ਼ਿੰਦਗੀ ਨੂੰ ਸੁਖੀ ਬਣਾ ਸਕਦੀ ਹੈ ਤਾਂ ਉਹ ਇਹ ਘ੍ਰਿਣਤ ਆਸਰਾ ਕਦੀ ਨਹੀਂ ਲਵੇਗੀ।

(ਫਰਵਰੀ 1934)

ਅਨੁਵਾਦ—ਚਮਨ ਲਾਲ

# ਖੰਡ ਰਾਹੀਂ 1600000000 ਦੀ ਬਲੈਕ

## ਐਮ. ਸੀ. ਭਾਰਦਵਾਜ

**ਪਿਛਲੇ** ਸਾਲ ਹਰ ਇਕ ਭਾਰਤੀ 8 ਕਿਲੋ ਖੰਡ (ਐਸਤਨ) ਖਾ ਗਿਆ ਹੈ। ਜੇ ਮੰਨ ਵੀ ਲਿਆ ਜਾਏ ਕਿ ਇਸ ਵਿਚੋਂ ਅੱਧੀ ਖੰਡ ਉਸ ਨੂੰ ਕੰਟਰੋਲ ਵਿਚ ਮਿਲ ਹੀ ਗਈ ਹੋਵੇਗੀ ਤਾਂ ਵੀ 4 ਕਿਲੋ ਖੰਡ ਹਰ ਹਿੰਦੁਸਤਾਨੀ ਨੇ ਬਲੈਕ ਵਿਚ ਖਰੀਦੀ ਤੇ ਜੇ ਐਸਤਨ ਬਲੈਕ 6 ਰੁਪਏ ਕਿਲੋ ਵੀ ਲਗਾ ਲਈਏ ਤਾਂ ਇਸ ਦਾ ਮਤਲਬ ਹੈ ਹਰ ਭਾਰਤੀ ਨੂੰ 24 ਰੁਪਏ ਫਜ਼ੂਲ ਚੱਟੀ ਭਰਨੀ ਪਈ ਤੇ ਜਦੋਂ ਇਸ ਨੂੰ 67 ਕਰੋੜ ਨਾਲ ਜ਼ਰਬ ਕਰੀਏ ਤਾਂ ਇਹ ਰਾਸ਼ੀ 16 ਅਰਬ ਤੋਂ ਵੀ ਟੱਪ ਜਾਂਦੀ ਹੈ। [ਪਿਛਲੇ ਨਵੰਬਰ ਤੋਂ ਹੁਣ ਤੀਕ (ਅਕਤੂਬਰ 1980) ਭਾਅ ਕੁਝ ਇਸ ਤਰ੍ਹਾਂ ਰਹੇ ਹਨ (4+5+5+6+7+8+9+10+12+12+12+12=120 ਤਕਸੀਮ 12=ਸਾਢੇ ਅੱਠ) ਅਤੇ ਬਲੈਕ ਪ੍ਰਤੀ ਕਿਲੋ 6 ਰੁਪਏ ਬਣਦੀ ਹੈ ($8\frac{1}{2}$—$2\frac{1}{2}$)।

ਹੁਣ ਖੰਡ ਦੀ ਉਪਜ ਅਤੇ ਖਪਤ ਦੇਖੋ : ਭਾਰਤ ਸਰਕਾਰ ਦੇ ਖੰਡ ਨਿਰਦੇਸ਼ਕ ਵਲੋਂ ਸਾਲ 1980 ਵਿਚ ਛਪੀ ਰਿਪੋਰਟ ਤੇ ਅਧਾਰਤ :—

| ਸਾਲ | ਪਿਛਲੀ ਬਚਤ | ਉਪਜ | ਖਪਤ | ਐਕਸਪੋਰਟ/ਇਮਪੋਰਟ (—) | |
|---|---|---|---|---|---|
| 1973–74 | 9 | 40 | 36 | 3 | |
| 1974–75 | 9 | 48 | 35 | 10 | |
| 1975–76 | 12 | 43 | 37 | 10 | |
| 1976–77 | 8 | 49 | 38 | 3 | |
| 1977–78 | 16 | 65 | 45 | 3 | 1978–79 ਅਤੇ 79–80 ਦੁਰਾਨ ਖੰਡ |
| 1978–79 | 33 | 59 | 62 | 9 | ਬਨਾਉਣ ਦੀ ਕੀਮਤ ਇਸ ਪ੍ਰਕਾਰ ਸੀ। 2 ਰੁਪਏ 20 ਪੈਸੇ |
| 1979–80 | 21 | 40 | 54 | (—2) | 2 ਰੁਪਏ 52 ਪੈਸੇ |

ਨੋਟ :—ਇਸ ਕੀਮਤ ਵਿਚ ਕਾਰਖਾਨੇਦਾਰਾਂ ਦਾ ਮੁਨਾਫਾ ਸ਼ਾਮਲ ਹੁੰਦਾ ਹੈ। ਢੋਆ-ਢੁਆਈ ਦਸ ਰੁਪਏ ਬੋਰੀ ਲਗਾ ਕੇ ਕੀਮਤ ਢਾਈ ਰੁਪਏ ਕਿਲੋ ਬਣਦੀ ਹੈ।

ਭਾਰਤ ਸਰਕਾਰ ਦੇ ਖੰਡ ਵਿਭਾਗ ਦੇ ਅੰਕੜਿਆਂ ਤੋਂ ਝਾਤੀ ਮਾਰਨ ਤੋਂ ਹੀ ਸਾਫ ਪਤਾ ਲਗ ਜਾਂਦਾ ਹੈ ਕਿ 1973–1977 ਦੇ ਚਾਰ ਸਾਲਾਂ ਦੁਰਾਨ ਸਾਡੇ ਦੇਸ਼ ਵਿਚ ਐਸਤਨ 36 ਲੱਖ ਟਨ ਖੰਡ ਖਪਤ ਹੁੰਦੀ ਰਹੀ ਹੈ। 1977–78 ਦੁਰਾਨ ਗੰਨੇ ਦੀ ਉਪਜ ਬਹੁਤ ਹੀ ਜ਼ਿਆਦਾ ਹੋ ਜਾਣ ਕਰਕੇ ਗੰਨਾ ਬਹੁਤਾ ਹੀ ਸਸਤਾ ਮਿਲਣ ਕਰਕੇ ਖੰਡ ਦੀ ਵੀ ਕੀਮਤ ਘਟ ਗਈ ਤੇ ਨਤੀਜੇ ਵਜੋਂ ਖਪਤ ਵੀ ਵਧ ਕੇ 45 ਲੱਖ ਟਨ ਹੋ ਗਈ। ਤੇ ਇਸ ਤਰ੍ਹਾਂ ਜਦੋਂ ਗੰਨਾ ਬੇਅੰਤ ਹੀ ਸਸਤਾ ਹੋ ਗਿਆ, ਖੰਡ ਵੀ ਸਵਾ ਦੋ ਮਿਲਣ ਲਗ ਪਈ ਤਾਂ ਕਾਰਖਾਨੇਦਾਰ ਨੇ ਰੌਲਾ ਪਾ ਦਿਤਾ ਕਿ ਖੰਡ ਬੇਅੰਤ ਹੋ ਗਈ; ਸਾਡੇ ਕੋਲੋਂ ਸੰਭਾਲੀ ਨਹੀਂ ਜਾਂਦੀ, ਸਾਡੇ ਸਟੋਰ ਭਰੇ ਪਏ ਹਨ, ਅਸੀਂ ਮਿੱਲਾਂ ਬੰਦ ਕਰਨ ਲਈ ਮਜਬੂਰ ਹੋ ਰਹੇ ਹਾਂ ਕਿਉਂਕਿ ਸਵਾ ਦੋ ਰੁਪਈਏ — ਜਿਸ ਭਾਅ ਖੰਡ ਵਿਕ ਰਹੀ ਹੈ ਸਾਨੂੰ ਕੱਖ ਪੱਲੇ ਨਹੀਂ ਪੈਂਦਾ। ਤੇ ਮਿੱਲਾਂ ਬੰਦ ਹੋਣ ਦਾ ਮਤਲਬ ਸੀ ਗੰਨਾ ਹੋਰ ਵੀ ਰੁਲ ਜਾਂਦਾ। ਸਰਕਾਰ ਨੇ ਖਾਸ ਹਦਾਇਤਾਂ ਰਾਹੀਂ ਬੈਂਕਾਂ ਨੂੰ ਸਸਤੇ ਰੇਟ, ਖੁਲ੍ਹੇ ਦਿਲ ਨਾਲ ਕਾਰਖਾਨੇਦਾਰਾਂ ਨੂੰ ਕਰਜ਼ੇ ਦੇਣ ਵਾਸਤੇ ਕਿਹਾ ਤਾਂ ਜੁ ਖੰਡ ਸਟੋਰ ਕਰ ਸਕਣ ਪਰ ਮਿੱਲਾਂ ਬੰਦ ਨਾ ਕਰਨ। ਪਰ ਇਨ੍ਹਾਂ ਸਰਮਾਏਦਾਰਾਂ ਨੇ ਸਰਕਾਰ ਕੋਲੋਂ ਇਸ ਤਰ੍ਹਾਂ ਧਨ ਬਟੋਰ ਕੇ 10–15 ਲੱਖ ਟਨ ਖੰਡ (ਜਿਸ ਦੀ ਕੀਮਤ 200–300 ਕਰੋੜ ਬਣਦੀ ਹੈ) ਮਾਰਕੀਟ ਵਿਚੋਂ ਹੀ ਖਰੀਦ ਕੇ ਗਾਇਬ ਕਰ ਗਏ। ਜਿਸ ਨਾਲ ਖੰਡ ਅਲੋਪ ਹੋ ਗਈ, ਹਾਇਆ ਕਾਰ ਮਚ ਗਈ ਅਤੇ 2 ਵਾਲੀ ਚੀਨੀ 16 ਹੋ ਗਈ। ਅਸਲ ਵਿਚ ਖੰਡ ਦੀ ਓਨੀ ਖਪਤ ਨਹੀਂ ਸੀ ਹੋਈ ਜਿੰਨੀ 1978–79 ਵਿਚ ਦਸੀ ਗਈ ਹੈ।

1978-79 ਵਿਚ ਖਪਤ [illegible]

ਜੇ ਅਖੀਰਲੇ ਦੋ ਸਾਲ, 1977-79 ਤੋਂ ਵੀ ਅੰਦਾਜ਼ਾ ਲਾਈਏ ਤਾਂ ਵੀ ਔਸਤਨ ਖਪਤ 53-54 ਲੱਖ ਟਨ ਹੀ ਬੈਠਦੀ ਹੈ। ਪਰ ਇਸ ਦੇ ਮੁਕਾਬਲੇ ਸਾਡੇ ਕੋਲ 21 ਲੱਖ ਟਨ ਖੰਡ ਤਾਂ ਪਿਛਲੇ ਸਾਲ ਦੀ ਹੀ ਬਚੀ ਹੋਈ ਪਈ ਸੀ (4 ਮਹੀਨਿਆਂ ਦੇ ਖਾਣ ਜੋਗੀ) ਤੇ ਖੜੀ ਫਸਲ ਤੋਂ ਵੀ ਸਾਫ ਅੰਦਾਜ਼ਾ ਲਗਦਾ ਸੀ ਕਿ ਘਟੋ ਘਟ 40-42 ਲੱਖ ਟਨ ਖੰਡ 1979-80 ਦੁਰਾਨ ਵੀ ਹੋ ਜ਼ਾਵੇਗੀ। ਜਦੋਂ ਘਰੇਲੂ ਉਪਜ ਹੀ 60-62 ਲੱਖ ਟਨ ਹੋਣ ਦੀ ਪੱਕੀ ਆਸ਼ਾ ਸੀ ਫਿਰ ਇਹ ਬਾਹਰੋਂ ਖੰਡ ਮੰਗਵਾਉਣ ਦਾ ਸਰਕਾਰੀ ਹੋਕਾ ਕਿਉਂ ਦਿਤਾ ਗਿਆ ਆਉ ਜ਼ਰਾ ਵਿਚਾਰ ਕਰੀਏ :

## ਗੰਨੇ ਦੀ ਕਮੀ ਦੇ ਬਹਾਨੇ ਲੁੱਟਣ ਲਈ ਤਿਆਰ ਹੋ ਜਾਉ : ਪਹਿਲੀ ਸੀਟੀ

ਨਵੰਬਰ 1979 ਲੋਕ ਸਭਾ ਦੀ ਚੋਣਾਂ ਦੌਰਾਨ ਮਿ: ਸੰਜੇ ਗਾਂਧੀ ਨੇ ਜਗ੍ਹਾ ਜਗ੍ਹਾ ਇਹ ਪ੍ਰਚਾਰ ਕੀਤਾ ਸੀ ਕਿ ਜੰਤਾ ਪਾਰਟੀ ਕੀ ਗਲਤ ਪਾਲੀਸੀਯੋਂ ਕੇ ਕਾਰਨ ਲਾਖੋਂ ਕਿਸਾਨੋ ਨੇ ਗੰਨੇ ਕੋ ਆਗ ਲਗਾ ਦੀ ਔਰ ਅਬ ਚੀਨੀ ਨਹੀਂ ਮਿਲ ਰਹੀ"—ਇਹ ਦਰੁਸਤ ਹੈ ਕਿ ਕਿਸੇ ਇਕੜ ਦੁਕੜ ਨਿਰਾਸ਼ ਕਿਸਾਨ ਨੇ, ਖੇਤ ਜਲਦੀ ਖਾਲੀ ਕਰਨ ਖਾਤਰ ਖੜੀ ਫਸਲ ਨੂੰ ਅੱਗ ਲਗਾ ਦਿਤੀ ਹੋਵੇਗੀ ਪਰੰਤੂ ਇਸਦਾ ਇਹ ਮਤਲਬ ਹੀ ਨਹੀਂ ਕਿ ਤਮਾਮ ਕਿਸਾਨੋਂ ਨੇ ਤਮਾਮ ਖੇਤ ਜਲਾ ਦਿਯੇ ਅਤੇ ਅਗਲੇ ਸਾਲ ਲਈ ਗੰਨਾ ਬਿਲਕੁਲ ਹੀ ਨਹੀਂ ਸੀ। ਦਰਅਸਲ 1977-78 ਦੁਰਾਨ ਹੀ ਐਨਾ ਕੁ ਗੰਨਾ ਬੀਜਿਆ ਗਿਆ ਸੀ ਜੋ 1976-77 ਦੀ ਉਪਜ ਨਾਲੋਂ 30 ਲੱਖ ਟਨ ਫਾਲਤੂ ਸੀ। 1979-80 ਦੁਰਾਨ ਜੇ 1978-79 ਜਿਨਾਂ ਤਾਂ ਭਾਵੇਂ ਨਹੀਂ ਸੀ ਤਾਂ ਵੀ ਇਸਦਾ ਇਹ ਮਤਲਬ ਨਹੀਂ ਸੀ ਕਿ ਗੰਨਾ ਬਿਲਕੁਲ ਹੀ ਨਹੀਂ ਸੀ ਹੋਇਆ (ਜਿਵੇਂ ਕਿ ਸਰਕਾਰ ਅਤੇ ਸਰਮਾਏਦਾਰ ਨੇ ਪ੍ਰਚਾਰ ਕੀਤਾ ਹੈ) 1976-77 ਨਾਲੋਂ 1978-79 ਦੀ ਉਪਜ ਹਾਲੇ ਵੀ 15 ਲੱਖ ਟਨ ਫਾਲਤੂ ਸੀ। ਸੋ ਜਾਣ ਬੁਝ ਕੇ ਬੇਬੁਨਿਆਦ ਝੂਠਾ ਪ੍ਰਚਾਰ ਕਰਕੇ ਸਰਕਾਰ ਨੇ ਸਰਮਾਏਦਾਰਾਂ ਤੇ ਖੰਡ ਵਪਾਰੀਆਂ ਨੂੰ ਲੁਟਣ ਲਈ ਤਿਆਰ ਹੋ ਜਾਣ ਵਾਸਤੇ ਪਹਿਲੀ ਸੀਟੀ ਮਾਰੀ ਸੀ।

## ਬਾਹਰੋਂ ਖੰਡ ਮੰਗਵਾਉਣ ਦਾ ਢੋਂਗ—ਦੂਜੀ ਸੀਟੀ

ਤੁਸੀਂ ਪੁਛੋਗੇ ਕਿ ਜਦੋਂ ਕੁਲ ਘਰੇਲੂ ਖੰਡ ਹੀ 60-65 ਲੱਖ ਟਨ ਹੋ ਜਾਣੀ ਸੀ (ਸਵਾ ਸਾਲ ਦੇ ਖਾਣ ਜੋਗੀ) ਫਿਰ ਬਾਹਰੋਂ ਖੰਡ ਮੰਗਵਾਉਣ ਦਾ ਕਿਉਂ ਸ਼ੋਰ ਮਚਾ ਦਿਤਾ ਗਿਆ ? ਸਰਕਾਰ ਨੇ ਇਹ ਕਦੇ ਨਹੀਂ ਦਸਿਆ ਕਿ ਕੁਲ ਘਰੇਲੂ ਉਪਜ ਦਾ ਕਿਨਵਾਂ ਹਿਸਾ ਖੰਡ ਪ੍ਰਤੀਸ਼ਤ) ਪਰ ਰੌਲਾ ਪਾ ਪਾ ਅਸਮਾਨ ਸਿਰ ਤੇ ਚੁਕ ਲਿਆ ਕਿ ਖੰਡ ਦਾ ਕਾਲ ਪੈ ਗਿਆ—ਖੰਡ ਦੀ ਕਮੀ ਹੋ ਗਈ—ਬਾਹਰੋਂ ਖੰਡ ਮੰਗਵਾਉਣੀ ਪੈ ਗਈ... ਇਹ ਸਭ ਇਸ ਲਈ ਕੀਤਾ ਗਿਆ ਤਾਂ ਜੁ ਮੁਲਕ ਵਿਚ ਹਾਹਾਕਾਰ ਮਚ ਜਾਵੇ ਕਿ ਖੰਡ ਦੀ ਕਮੀ ਹੋ ਗਈ...... ਖੰਡ ਦੀ ਕਮੀ ਹੋ ਗਈ......ਤਾਂ ਕਿ ਨਕਲੀ ਕਮੀ ਦੇ ਬਹਾਨੇ ਵਪਾਰੀ ਬੇਝਿਝਕ ਹੋ ਲੁਟ ਸਕਣ। ਇਹ ਸਰਕਾਰ ਵਲੋਂ ਮਾਰੀ ਜਾਣ ਵਾਲੀ ਦੂਜੀ ਸੀਟੀ ਸੀ।

## ਹਨੇਰ ਗਰਦੀ ਦੀ ਹੱਦ—ਤੀਸਰੀ ਸੀਟੀ

ਸਿਰਫ ਦੋ ਲੱਖ ਟਨ (3 ਪ੍ਰਤੀਸ਼ਤ) ਖੰਡ ਬਾਹਰੋਂ ਮੰਗਵਾ ਕੇ ਜੋ ਇਨ੍ਹਾਂ ਨੂੰ ਸਾਢੇ ਪੰਜ ਰੁਪਏ ਕਿਲੋ ਪਈ, ਬਾਕੀ 52 ਲੱਖ ਟਨ ਖੰਡ (97 ਪ੍ਰਤੀਸ਼ਤ) ਦਾ ਭਾ ਵੀ ਸਵਾ ਦੋ ਤੋਂ ਛੇ ਰੁਪਏ ਕਿਲੋ ਕਰ ਦੇਣਾ ਕਿਧਰ ਦਾ ਇਨਸਾਫ ਹੈ ? ਇਹ ਤਾਂ ਸਰਮਾਏਦਾਰਾਂ ਨੂੰ ਦਿਲ ਖੋਲ੍ਹ ਕੇ ਲੁਟਣ ਖਾਤਰ ਆਖਰੀ (ਤੀਜੀ) ਸੀਟੀ ਮਾਰੀ ਗਈ ਸੀ ਜਿਸ ਵਿਚ ਸਰਕਾਰ ਨੇ ਕਿਹਾ ਸੀ ਕਿ ਢਾਈਆਂ ਵਾਲੀ ਚੀਜ਼ ਦੁਗਨੇ-ਤਿਗਨੇ ਭਾ ਵੇਚਣ ਦੀ ਸਾਡੇ ਵਲੋਂ ਇਜ਼ਾਜਤ ਹੈ, ਵਧ ਜੋ ਕਰ ਲਓ ਉਹ ਤੁਹਾਡੀ ਹਿੰਮਤ।

## ਤੇ ਕੀ ਖੰਡ ਬਾਹਰੋਂ ਮੰਗਵਾਈ ਵੀ ਗਈ ?

ਖੰਡ ਕਿਸ ਭੜੂਏ ਨੇ ਮੰਗਵਾਉਣੀ ਸੀ ਤੇ ਕਿਨੇ ਮੰਗਵਾਈ ? ਉਨ੍ਹਾਂ ਦਾ ਮਤਲਬ ਤਾਂ ਸਿਰਫ ਸੀਟੀ ਮਾਰਨ ਦਾ ਸੀ ਸੋ ਮਾਰ ਦਿਤੀ। ਰਹੀ ਗੱਲ ਖੰਡ ਮੰਗਵਾਉਣ ਦੀ ਉਹ ਵੀ ਸੁਣ ਲਵੋ:—

ਫਰਵਰੀ ਵਿਚ ਸਲਾਹ ਬਣਾਈ ਗਈ ਕਿ ਚਾਰ ਕੁ ਦਾਣੇ ਖੰਡ ਦੇ ਬਾਹਰੋਂ ਮੰਗਵਾ ਲਓ (ਤੇ ਨਾਲ ਹੀ ਰੌਲਾ ਪਾ ਦਿਤਾ ਗਿਆ—ਸੰਜੇ ਗਾਂਧੀ ਤਾਂ ਮਈ ਚੋਣਾਂ ਵਿਚ ਹੀ ਕਹੀ ਜਾ ਰਹੇ ਸਨ ਕਿ ਹਮ ਚੀਨੀ ਕਹਾਂ ਸੇ ਲਾਏਂ ਗੰਨਾ ਤੋ ਜਨਤਾ ਪਾਰਟੀ ਕੀ ਗਲਤ ਨੀਤੀਉਂ ਕੇ ਕਾਰਣ ਕਿਸਾਨੋਂ ਨੇ ਜਲਾ ਦਿਯਾ ਹੈ, ਜਦੋਂ ਕੇ ਘਟੋ ਘਟ 30-35 ਲੱਖ ਟਨ ਤੋਂ ਵਧ ਚੀਨੀ ਉਸ ਵਕਤ ਵੀ ਖੰਡ-ਮਿਲਾਂ ਕੋਲ ਪਈ ਹੋਈ ਸੀ। ਭਲਾ ਉਨ੍ਹਾਂ ਨੂੰ ਕੋਈ ਪੁਛਦਾ ਸੀਮੈਂਟ ਨੂੰ ਵੀ ਕਿਸਾਨਾਂ ਨੇ ਜਲਾ ਦਿਤਾ ਸੀ ਉਹ ਵੀ ਨਹੀਂ ਲਭਦਾ......ਸਾਡੇ ਦੇਸ਼ ਵਿਚ ਵੀ ਤਾਂ ਵਾਰੇ ਵਾਰੇ ਜਾਈਏ ਸਰਕਾਰ ਦੇ, ਸੁਖ ਨਾਲ ਭਾਨ ਵੀ ਬਲੈਕ ਵਿਚ ਮਿਲਣ ਲਗ ਪੈਂਦੀ ਹੈ ਜਿਸਦੀ ਦੁਨੀਆਂ ਦੇ ਕਿਸੇ ਕੋਨੇ ਵਿਚ ਦੂਜੀ ਮਿਸਾਲ ਨਹੀਂ ਮਿਲਦੀ।

ਰੌਲਾ ਫਰਵਰੀ ਵਿਚ ਹੀ ਪਾ ਦਿਤਾ ਪਰ ਖੰਡ ਮੰਗਵਾਉਣ ਦਾ ਬਾਹਰੋਂ ਆਡਰ 5 ਮਈ ਨੂੰ ਦਿਤਾ। ਖੰਡ ਦਾ ਪਹਿਲਾ ਜਹਾਜ਼ 24 ਜੂਨ, 1980 ਨੂੰ ਪਹੁੰਚਿਆ ਅਤੇ ਸੁਖ ਨਾਲ ਇਕ ਦਿਨ ਦੀ ਖਪਤ ਜੋਗੀ (0.14

ਲੱਖ ਟਨ) ਖੰਡ ਲੈ ਕੇ ਆਇਆ ਤੇ ਅਗਸਤ ਦੇ ਅਖੀਰ ਤੀਕ ਕੁਲ 0.77 ਲੱਖ ਟਨ ਚੀਨੀ (ਪੰਜਾਂ ਦਿਨਾਂ ਜੋਗੀ) ਹਾਲੇ ਪਹੁੰਚੀ ਸੀ ਜਦੋਂ ਕਿ ਵਣਜ ਮੰਤਰੀ ਜੀ ਨੇ 20 ਅਗਸਤ ਨੂੰ ਕਲਕਤੇ ਵਿਖੇ ਕਿਹਾ ਸੀ ਕਿ 4 ਲੱਖ ਟਨ ਦਾ ਆਡਰ ਦਿਤਾ ਹੈ...ਪਰ ਉਹ ਬੋਂਦਲਿਆ ਮੰਤਰੀ ਕਹਿ ਰਿਹਾ ਸੀ, 0.77 ਲੱਖ ਟਨ ਖੰਡ ਆ ਗਈ ਹੈ, 1.45 ਲੱਖ ਟਨ ਹਫਤੇ ਤੀਕ ਹੋਰ ਆ ਜਾਵੇਗੀ। ਪਰੰਤੂ ਉਸਤੋਂ ਮਗਰੋਂ ਕੋਈ ਖਬਰ ਨਹੀਂ ਸੀ ਸੁਣੀ ਕਿ ਅਗਲਾ ਜਹਾਜ਼ ਕਦੋਂ ਸਮੁੰਦਰ ਦੇ ਕੰਢੇ ਤੇ ਖੰਡ ਉਤਾਰਨ ਵਾਸਤੇ ਲੰਗਰ ਸੁਟ ਰਿਹਾ ਹੈ। ਕਦੇ ਸਰਕਾਰ ਦੋ ਲੱਖ ਟਨ ਦਾ ਆਡਰ ਦਸਦੀ ਹੈ—ਕਦੇ ਚਾਰ ਲੱਖ ਟਨ ਦਾ...? ਜਦੋਂ ਸਤੰਬਰ ਦੇ ਅਖੀਰ ਤੀਕ ਵੀ 9 ਲੱਖ ਟਨ ਖੰਡ ਮਿਲਾਂ ਵਿਚ ਬਚੀ ਰਹੀ ਤੇ ਮਹਾਂਰਾਸ਼ਟਰਾ ਦੇ ਕਾਰਖਾਨੇਦਾਰ ਹਾਲੇ ਵੀ ਰੌਲਾ ਪਾਈ ਜਾ ਰਹੇ ਸਨ ਕਿ ਖੰਡ ਬਾਹਰੋਂ ਮੰਗਵਾਇਆਂ ਬਗੈਰ ਨਵੰਬਰ ਦੇ ਮਹੀਨੇ ਸਰਨਾ ਨਹੀਂ ?

## ਬੇਹੂਦਾ ਬਿਆਨਬਾਜ਼ੀ——ਸੀਟੀ ਤੇ ਸੀਟੀ

ਸਰਕਾਰ ਨੇ ਜਿਨੇ ਵੀ ਯਤਨ ਕੀਤੇ ਉਹ ਸਿਰਫ ਲੋਕਾਂ ਦੇ ਮਨਾਂ ਵਿਚ ਇਹ ਗੱਲ ਬਠਾਉਣ ਲਈ ਕੀਤੇ ਗਏ ਕਿ ਦੇਸ਼ ਵਿਚ ਸੱਚ ਮੁਚ ਹੀ ਖੰਡ ਦੀ ਕਮੀ ਹੈ, ਮਸਲਨ ਇਹ ਕਹਿਣਾ ਕਿ ਪਾਕਿਸਤਾਨ ਵਿਚ ਖੰਡ 25 ਰੁਪਏ ਕਿਲੋ ਵਿਕ ਰਹੀ ਹੈ ਜੇ ਸਾਡੇ ਦਸੀਂ ਖਰੀਦਣੀ ਪੈ ਗਈ ਤਾਂ ਕੀ ਹਨ੍ਹੇਰ ਆ ਗਿਆ...ਜਾਂ, ਅਗਲੇ ਸਾਲ ਵਿਚ ਹਾਲਾਤ ਬੇਹਤਰ ਹੋਣ ਬਾਬਤ ਅਗਾਉਂਹੀ ਗੱਲਾਂ ਸ਼ੁਰੂ ਕਰ ਦੇਣੀਆਂ ਵੀ ਇਹੋ ਹੀ ਦਰਸਾਉਂਦੀਆਂ ਹਨ, ਕਿ ਇਸ ਸਾਲ ਖੰਡ ਦੀ ਕਮੀ ਰਹੀ ਹੈ, ਜਿਵੇਂ ਚਾਰ ਮਹੀਨੇ ਪਹਿਲਾਂ ਹੀ ਇਹ ਕਹਿਣਾ ਸ਼ੁਰੂ ਕਰ ਦੇਣਾ...ਅਗਲੇ ਸਾਲ ਖੰਡ ਦੀ ਕੋਈ ਕਮੀਂ ਨਹੀਂ ਰਹੇਗੀ ਸਰਕਾਰ ਹੋਰ ਬਹੁਤ ਸਾਰੀਆਂ ਨਵੀਆਂ ਮਿਲਾਂ ਲਾਉਣ ਜਾ ਰਹੀ ਹੈ—ਜਿਹੜਾ ਖੰਡ ਜਲਦੀ ਬਨਾਉਣੀ ਸ਼ੁਰੂ ਕਰ ਦੇਵੇਗਾ ਉਸਨੂੰ ਖਾਸ ਟੈਕਸ-ਛੋਟਾਂ ਅਤੇ ਸਹੂਲਤਾਂ ਦਿਤੀਆਂ ਜਾਣ-ਗੀਆਂ.......ਅਗਲੇ ਸਾਲ ਬਾਬਤ, ਪਹਿਲਾਂ ਤੋਂ ਹੀ ਸਬਜ਼ਬਾਗ ਵਖਾਉਣ ਲਗ ਪੈਣ ਦਾ ਵੀ ਇਹੋ ਹੀ ਮਤਲਬ ਨਿਕਲਦਾ ਹੈ ਕਿ ਇਸ ਸਾਲ ਸਬਰ-ਸੰਤੋਖ ਨਾਲ ਲੁੱਟ ਬਰਦਾਸ਼ਤ ਕਰੀ ਜਾਉ, ਅਗਲੇ ਸਾਲ ਰਾਮ ਭਲੀ ਕਰੇਗਾ। ਸੋ ਅਜਿਹੀਆਂ ਬੇਹੂਦਾ ਬਿਆਨਬਾਜੀ ਰਾਹੀਂ ਜਾਣੇਅਣਜਾਣੇ (?) ਜੇ ਬਲੈਕੀਆਂ ਨੂੰ ਲਗਾਤਾਰ ਹਲਾਸ਼ੇਰੀ (ਸੀਟੀ ਤੇ ਸੀਟੀ) ਨਹੀਂ ਸੀ ਦਿਤੀ ਜਾ ਰਹੀ ਤਾਂ ਹੋਰ ਕੀ ਸੀ ?

## ਕੀ ਇਹ ਬਹੁਤ ਵੱਡੀ ਸਮੱਸਿਆ ਸੀ ?

ਦਰਅਸਲ ਦੇਸ਼ ਵਿਚ ਖੰਡ ਦੀ ਕੋਈ ਘਾਟ ਨਹੀਂ ਸੀ ਜਿਵੇਂ ਕਿ ਉਪਰ ਵੀ ਦਸਿਆ ਜਾ ਚੁਕਾ ਹੈ। ਘਾਟ ਤਾਂ ਇਕ ਪਾਸੇ ਰਹੀ, ਨੱਬੇ-ਕਰੋੜ ਕਿਲੋ ਖੰਡ ਤਾਂ ਹਾਲੇ ਵੀ ਫੈਕਟਰੀਆਂ ਵਿਚ ਪਈ ਹੋਈ ਹੈ ਜਦੋਂ ਕਿ ਨਵਾਂ ਸੀਜ਼ਨ ਵੀ ਚਾਲੂ ਹੋ ਚੁਕਾ ਹੈ। ਸਮੱਸਿਆ ਤਾਂ ਇਕ ਪਾਸੇ ਰਹੀ, ਅਸਲ ਵਿਚ ਇਸ ਦਾ ਪਰਬੰਧ ਵਗੈਰਾ ਕਰਨਾ ਬਹੁਤ ਹੀ ਆਸਾਨ ਕੰਮ ਸੀ :—

ਸਾਡੇ ਦੇਸ਼ ਵਿਚ ਲਗਪਗ ਪੌਣੇ ਤਿੰਨ ਸੌ ਖੰਡ ਮਿੱਲਾਂ ਹਨ ਤੇ ਸਾਡੇ ਪੰਜ ਸੌ ਜ਼ਿਲੇ ਹਨ। ਹਰ ਇਕ ਜ਼ਿਲੇ ਵਿਚ ਔਸਤਨ ਇਕ ਲੱਖ ਕੁਵਿੰਟਲ ਖੰਡ ਸਾਰੇ ਸਾਲ ਵਿਚ ਜਾਂ 275 ਬੋਰੀਆਂ ਰੋਜ਼ਾਨਾ ਖਪਤ ਹੁੰਦੀ ਹੈ। ਇਹ ਖੰਡ ਆਸਾਨੀ ਨਾਲ ਇਕ ਮਾਲ ਡੱਬੇ ਜਾਂ ਦੋ ਟਰੱਕਾਂ ਵਿਚ ਆ ਸਕਦੀ ਹੈ। ਇਕ ਫੈਕਟਰੀ ਦੇ ਹਿੱਸੇ ਔਸਤਨ ਦੋ ਜ਼ਿਲੇ ਆਉਂਦੇ ਹਨ। ਸੋ ਅਗਰ ਸਰਕਾਰ ਹਰ ਇਕ ਫੈਕਟਰੀ ਨੂੰ ਇਹੋ ਹੀ ਹਦਾਇਤ ਕਰ ਦਿੰਦੀ ਕਿ ਹਰ ਇਕ ਖੰਡ ਮਿੱਲ ਦੋ-ਦੋ ਜ਼ਿਲਿਆਂ ਨੂੰ ਰੋਜ਼ਾਨਾ ਦੋ ਦੋ ਟਰੱਕ ਖੰਡ ਦੇ ਭੇਜਿਆ ਕਰੇਗੀ ਤਾਂ ਇਹ ਕਿੰਨਾ ਕੁ ਮੁਸਕਿਲ ਕੰਮ ਸੀ ? ਤੇ ਨਕਦੀ ਦਾ ਸੌਦਾ ਹੋਣ ਕਰਕੇ ਬਹੁਤ ਮਾਇਆ ਵੀ ਨਹੀਂ ਸੀ ਖ਼ਰਚ ਹੋਣੀ ਕਿਉਂਕਿ ਜਿਹੜੇ ਟਰੱਕ ਖੰਡ ਲੈ ਕੇ ਜਾਂਦੇ, ਜ਼ਿਲ੍ਹਾ ਖੁਰਾਕ ਅਫਸਰਾਂ ਤੋਂ ਆਉਂਦੀ ਵੇਰਾਂ ਪੈਸੇ ਲਿਆ ਕੇ ਮਿਲਾਂ ਵਾਲਿਆਂ ਨੂੰ ਦੇ ਦਿੰਦੇ ਪਰ ਸਦਕੇ ਜਾਈਏ ਕਾਂਗਰਸ ਸਰਕਾਰ ਦੇ ਜਿਸਦੇ ਰਾਜ ਵਿਚ ਗਿਆਰਾਂ ਹਜ਼ਾਰ ਗੱਡੀਆਂ ਰੁਜ਼ਾਨਾ ਚਲਦੀਆਂ ਹਨ, ਪਰ ਜੋ ਕੇਵਲ ਸੱਤ ਗੱਡੀਆਂ ਦਾ ਪ੍ਰਬੰਧ ਨਾ ਕਰ ਸਕੀ......

ਨਹੀਂ ਰੀਸਾਂ 'ਪਾਏਦਾਰ' ਸਰਕਾਰ ਦੀਆਂ ਜਿਸ ਕੋਲ 5 ਲੱਖ ਤੋਂ ਵਧ ਮਾਲ ਡੱਬੇ ਹਨ ਪਰ ਜੋ ਕੇਵਲ ਛੇ ਸੌ ਡਬਿਆਂ ਦਾ ਪ੍ਰਬੰਧ ਨਾ ਕਰ ਸਕੀ ਜੋ ਉਪਰ ਦਸੀਆਂ ਸੱਤ ਗੱਡੀਆਂ ਵਾਸਤੇ ਚਾਹੀਦੇ ਸਨ......

ਤੇ ਕੀ ਕਹਿਣੇ ਪੰਜੇ-ਵਾਲੀ ਸਰਕਾਰ ਦੇ ਜਿਸ ਦੇ ਰਾਜ ਵਿਚ ਚਾਰ ਲੱਖ ਦੇ ਕਰੀਬ ਟਰੱਕ ਚਲਦੇ ਹਨ ਪਰ ਜੋ ਕੇਵਲ ਇਕ ਹਜ਼ਾਰ ਟਰੱਕ ਦਾ ਪ੍ਰਬੰਧ ਨਾਂ ਕਰ ਸਕੀ ਜੋ ਹਰ ਰੋਜ਼ ਖੰਡ ਦੀ ਢੋਆ-ਢੁਆਈ ਲਈ ਚਾਹੀਦੇ ਸਨ...

ਤੇ ਵਾਰੇ ਵਾਰੇ ਜਾਈਏ ਉਸ ਸਰਕਾਰ ਦੇ; ਜਿਸਦੇ ਰਾਜ ਵਿਚ ਦੋ ਖੰਡ ਦੀਆਂ ਭਰੀਆਂ ਭਰਾਈਆਂ ਦੋ ਮਾਲ ਗੱਡੀਆਂ (150-160 ਡੱਬੇ, ਕੀਮਤ 4 ਕਰੋੜ—12 ਰੁਪਏ ਕਿਲੋ ਦੇ ਹਿਸਾਬ) ਚਲਦੀਆਂ 2 ਗੁੰਮ ਹੋ ਗਈਆਂ—ਪਤਾ ਨਹੀਂ ਕਿਹੜਾ ਜਿੰਨ-ਭੂਤ ਉਹਨਾਂ ਨੂੰ ਲਾਈਨਾਂ ਤੋਂ ਹੀ ਚੁਕ ਕੇ ਲੈ ਗਿਆ ਜੋ ਅਜ ਤੀਕ ਨਹੀਂ ਮਿਲ ਸਕੀਆਂ (ਜ਼ਰੂਰ ਫੌਰੀਅਨ ਹੈਂਡ ਹੋਣਾ ਹੈ ਇਸ ਪਿਛੇ ?)

## ਛਾਪੇ-ਅੱਖੀਂ ਘਟਾ ਪਾਉਣਾ

ਤੇ ਸਾਡੀ ਸੈਂਟਰ ਸਰਕਾਰ ਨੇ ਇਹ ਮਾਮੂਲੀ ਜਿਹਾ ਕੰਮ ਵੀ ਨਾਂ ਕੀਤਾ ਪਰ ਪੰਜਾਬ ਸਰਕਾਰ ਨੂੰ ਜ਼ਰੂਰ ਸ਼ਾਬਾਸ਼ ਦੇਣੀ ਚਾਹੀਦੀ ਹੈ ਜਿਸ 355 ਛਾਪਿਆਂ ਦੁਰਾਨ 887 ਬੋਰੀਆਂ ਪ੍ਰਾਪਤ ਕੀਤੀਆਂ, 27 ਮੁਕਦਮੇ ਦਰਜ਼ ਕੀਤੇ ਅਤੇ 23 'ਜਖੀਰੇਬਾਜ਼' ਗ੍ਰਿਫਤਾਰ ਕੀਤੇ, ਜਿਸ ਤਰ੍ਹਾਂ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਨੇ 21 ਸਤੰਬਰ ਵਾਲੇ ਦਿਨ ਪੰਜਾਬੀ ਟਰਬਿਊਨ ਨੂੰ ਬੜੇ ਮਾਣ ਨਾਲ ਦਸਿਆ ਸੀ। ਵੈਸੇ ਇਹ ਛਾਪੇ ਵੀ ਲੋਕਾਂ ਦੀਆਂ ਅੱਖਾਂ ਵਿਚ ਘਟਾ ਪਾਉਣ ਤੋਂ ਵਧ ਕੁਝ ਨਹੀਂ ਸੀ। ਹੁਣ ਜਰਾ ਦੁਬਾਰਾ ਉਪਰਲੀ ਲਾਈਨ ਪੜ੍ਹੋ...887 ਬੋਰੀਆਂ, 355 ਛਾਪੇ...ਭਾਵ ਕਿ ਔਸਤਨ ਇਕ ਛਾਪੇ ਵਿਚ ਢਾਈ ਬੋਰੀਆਂ ਖੰਡ ਫੜੀ ਗਈ (ਭਾਵੇਂ ਕਿਸੇ ਗਰੀਬ ਨੇ ਕੁੜੀ ਦੇ ਵਿਆਹ ਖਾਤਰ ਹੀ ਇਕੱਠੀ ਕੀਤੀ ਹੋਵੇ)...ਅਤੇ ਜੇ 23 ਬੰਦੇ ਹੀ ਕਸੂਰਵਾਰ ਸਾਬਤ ਹੋਏ ਤਾਂ ਬਾਕੀ 355 ਨਫੀ 23, ਤਿੰਨ ਸੌ ਬਾਈ ਛਾਪੇ ਕੀ ਐਵੇਂ ਫੁੱਲੀਆਂ-ਪਤਾਸਿਆਂ ਵਾਲਿਆਂ ਦੀਆਂ ਢੂਈਆਂ ਕੁੱਟਣ ਖਾਤਰ ਹੀ ਮਾਰੇ ਗਏ ਸਨ ?

ਤੇ ਸੈਂਟਰ ਸਰਕਾਰ ਕਦੇ ਸੂਬਾ ਸਰਕਾਰਾਂ ਨੂੰ ਬਦਨਾਮ ਕਰਦੀ ਰਹੀ, ਕਦੇ ਜਨਤਾ ਪਾਰਟੀ ਨੂੰ ਤੇ ਲੁਟੇਰੇ ਮੌਜ ਨਾਲ ਜੰਤਾ ਦੀਆਂ ਜੇਬ੍ਹਾਂ ਵਿਚ 16000000000 ਕਢ ਕੇ ਲੈ ਗਏ ਤੇ ਹਾਲੀ ਵੀ ਬਾਜ ਨਹੀਂ ਆਏ...ਹੁਣ ਵੀ ਢਾਈਆਂ-ਤਿੰਨਾਂ ਵਾਲੀ ਖੰਡ ਅੱਠੀਂ ਵਿਕੀ ਜਾ ਰਹੀ ਹੈ ਕੀ ਹੁਣ ਛਾਪਿਆਂ ਦੀ ਲੋੜ ਨਹੀਂ ਰਹੀ ਜਾਂ ਪੁਲੀਸ ਥੱਕ ਗਈ ਹੈ ?

## ਕੀ ਇਹ ਮਾਮੂਲੀ ਬਲੈਕ ਸੀ ?

ਬਹੁਤ ਸਾਰੇ ਮੇਰੇ ਭੈਣ ਭਰਾ ਸੌਲਾਂ ਤਾਂ ਚੰਗੀ ਤਰ੍ਹਾਂ ਸਮਝ ਜਾਂਦੇ ਹਨ ਪਰ 'ਅਰਬ' ਕਿਨ੍ਹਾਂ ਕੁ ਹੁੰਦਾ ਹੈ, ਇਸ ਦਾ ਅੰਦਾਜ਼ਾ ਲਗਾਉਣਾ ਉਨ੍ਹਾਂ ਲਈ ਜਰਾ ਮੁਸ਼ਕਿਲ ਹੁੰਦਾ ਹੈ। ਉਨ੍ਹਾਂ ਦੀ ਜਾਣਕਾਰੀ ਲਈ ਮੈਂ ਦਸ ਦਿਆਂ ਕਿ ਅਗਰ 16 ਅਰਬ ਦੇ ਵਧੀਆ ਨਵੇਂ ਟਰੈਕਟਰ ਖਰੀਦੇ ਜਾਣ ਤਾਂ ਐਨੇ ਕੁ ਟਰੈਕਟਰ ਅਜ ਜਾਣਗੇ ਕਿ ਪੰਜਾਬ ਦੇ ਇਕਲੇ 2 ਪਿੰਡ ਹਿੱਸੇ 20-20 ਟਰੈਕਟਰ ਆ ਜਾਣ ਜਾਂ ਇੰਜ ਕਹਿ ਲਵੋ ਕਿ ਹਿੰਦੁਸਤਾਨ ਵਿਚ ਚਲਣ ਵਾਲੇ ਕੁਝ ਟਰੈਕਟਰਾਂ ਦੀ ਗਿਣਤੀ ਦੁਗਣੀ ਹੋ ਜਾਵੇ (12188 ਪਿੰਡ, 65000 ਪ੍ਰਤੀ ਟਰੈਕਟਰ—ਹਿੰਦੁਸਤਾਨ ਵਿਚ 1977 ਤੀਕ ਕੁਲ 222743 ਟਰੈਕਟਰ ਸਨ)

ਜੇ ਇਸ ਧੰਨ ਰਾਸ਼ੀ ਦਾ ਸਦਉਪਯੋਗ ਕੀਤਾ ਜਾਵੇ ਤਾਂ ਹਿੰਦੁਸਤਾਨ ਭਰ ਦੇ ਦੋ-ਤਿਹਾਈ, ਪੌਣੇ ਚਾਰ ਲੱਖ ਪਿੰਡਾਂ ਵਿਚ ਜਿਥੇ ਅਜ ਤੀਕ ਰੌਸ਼ਨੀ ਦੀ ਇਕ ਕਿਰਨ ਨਹੀਂ ਪਹੁੰਚੀ ਬਿਜਲੀ ਮੁਹਾਈਆ ਕੀਤੀ ਜਾ ਸਕਦੀ ਸੀ। (ਚਾਲੀ ਹਜ਼ਾਰ ਪ੍ਰਤੀ ਪਿੰਡ ਖਰਚ ਕੇ)।

ਸਾਡੇ ਹਿੰਦੁਸਤਾਨ ਵਿਚ 33 ਸਾਲਾਂ ਦੀ ਆਜ਼ਾਦੀ ਦੇ ਬਾਦ ਵੀ 99 ਹਜ਼ਾਰ ਪਿੰਡ ਹਾਲੀ ਐਸੇ ਹਨ ਜਿਥੇ ਪੀਣ-ਯੋਗ ਪਾਣੀ ਮੀਲਾਂ ਬਧੀ ਤੇ ਨਹੀਂ ਮਿਲਦਾ। ਸੋਲਾਂ ਅਰਬ ਵਿਚ, ਡੇਢ ਲੱਖ ਪ੍ਰਤੀ ਪਿੰਡ ਖਰਚ ਕੇ ਆਸਾਨੀ ਨਾਲ ਪੀਣ ਯੋਗ ਪਾਣੀ ਦਾ ਪ੍ਰਬੰਧ ਕੀਤਾ ਜਾ ਸਕਦਾ ਸੀ (ਡੇਢ ਲੱਖ ਪ੍ਰਤੀ ਪਿੰਡ)

ਜੇ ਇਕ 2 ਦੇ ਨੋਟ ਨਾਲ, ਨੋਟ ਜੋੜ ਕੇ ਹਾਰ ਬਣਾਈਏ ਤਾਂ ਕੇਵਲ 12 ਅਰਬ ਵਿਚ ਦੋ ਹਾਰ ਐਸੇ ਬਣ ਜਾਣਗੇ ਜੋ ਧਰਤੀ ਤੋਂ ਖਲੋ ਕੇ ਚੰਦਰਮਾਂ ਦੇ ਗਲ ਪਾਏ ਜਾ ਸਕਦੇ ਹਨ ਅਤੇ ਫਿਰ ਵੀ ਐਨੇ ਕੁ ਰੁਪਏ ਬਚ ਜਾਣਗੇ ਜਿਨ੍ਹਾਂ ਦਾ ਬਣਿਆ ਹਾਰ, ਧਰਤੀ ਦੁਆਲੇ ਦਸ ਚੱਕਰ ਪਾ ਦੇਵੇਗਾ (ਚੰਦਰਮਾਂ ਸਾਥੋਂ 30 ਅਰਬ ਸੈਂਟੀ-ਮੀਟਰ ਦੂਰ ਹੈ ਅਤੇ ਇਕ ਨੋਟ 10 ਸੈਂਟੀ ਮੀਟਰ ਹੁੰਦਾ ਹੈ)

ਇਨੀਂ ਮਾਇਆ ਨਾਲ ਥੀਨ ਡੈਮ ਵਰਗੇ ਚਾਰ ਡੈਮ ਬਣਾਏ ਜਾ ਸਕਦੇ ਸਨ ਜਿਨ੍ਹਾਂ ਰਾਹੀਂ ਉਤਰੀ ਭਾਰਤ-ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਅਤੇ ਚੰਡੀਗੜ੍ਹ ਦੀ ਬਿਜਲੀ ਸਮਸਿਆ ਪੂਰਨ ਤੌਰ ਤੇ ਹਲ ਹੋ ਸਕਦੀ ਸੀ।

ਆਉਣ ਵਾਲੇ 26 ਸਾਲਾਂ ਵਿਚ ਵੀ ਭਾਰਤ ਵਰਸ਼ ਦੀ ਸਾਰੀਆਂ ਖਾਨਾਂ ਵਿਚੋਂ ਐਨਾ ਸੋਨਾ ਨਹੀਂ ਨਿਕਲ ਸਕੇਗਾ ਜਿਸਦਾ ਮੁੱਲ ਪੰਜ ਅਰਬ ਵੀ ਬਣਦਾ ਹੋਵੇ। ਸਾਡੇ ਦੇਸ਼ ਵਿਚ ਲਗ ਪਗ 16 ਕਵਿੰਟਲ ਸੋਨਾ ਹਰ ਸਾਲ ਨਿਕਲਦਾ ਹੈ ਅਤੇ 1500 ਰੁਪਏ ਦਸ ਗਰਾਮ ਦੇ ਹਿਸਾਬ ਜਿਸਦੀ ਕੁਲ ਕੀਮਤ ਮਸਾਂ 24 ਕਰੋੜ ਹੀ ਬਣਦੀ ਹੈ। ਫਿਲਹਾਲ ਸਿਰਫ 26 ਸਾਲਾਂ ਤੀਕ ਹੀ ਸੋਨਾ ਕਢਿਆ ਜਾ ਸਕੇਗਾ ਉਸ ਤੋਂ ਮਗਰੋਂ ਹੁਣ ਤੀਕ ਮਿਲੇ ਸਾਰੇ ਭੰਡਾਰ ਖਤਮ ਹੋ ਜਾਣਗੇ।

ਸੋ ਦੇਖਿਆ ਕਿੰਨੀ ਕੁ ਮਾਮੂਲੀ ਧੰਨਰਾਸ਼ੀ ਸੀ ਜੋ ਸਾਡੀ ਸਰਕਾਰ ਨੇ ਸੌ-ਡੇਢ ਸੌ ਮੋਟੇ ਸਰਮਾਏਦਾਰਾਂ, ਪੰਜ-ਕੁ ਸੌ ਥੋਕ ਵਪਾਰੀਆਂ ਵਗੈਰਾ ਨੂੰ ਬਗੈਰ ਕਿਸੇ ਰੋਕ ਟੋਕ ਦੇ ਡਕਾਰ ਲੈਣ ਦਿਤੇ ਇਸ ਨਾਲੋਂ ਤਾਂ ਚੰਗਾ ਹੁੰਦਾ ਸਾਨੂੰ ਸਰਕਾਰ ਆਪ ਹੀ ਲੁਟ ਲੈਂਦੀ...ਤੇ ਇਥੇ ਹੀ ਬਸ ਨਹੀਂ ਹਾਲੇ ਵੀ ਸਾਡੇ ਗਰੀਬੀਆਂ ਹਟਾਉਣ ਵਾਲੇ ਪ੍ਰਧਾਨ ਮੰਤਰੀ ਜੀ ਕਹਿ ਰਹੇ ਹਨ ਕਿ ਮਹਿੰਗਾਈ ਤੋਂ ਬਚਿਆ ਹੀ ਨਹੀਂ ਜਾ ਸਕਦਾ... ਸੋ ਭਰਾਵੋ ਹੌਂਸਲੇ ਰਖੋ... ਅਜਿਹੇ ਡਾਕੇ ਭਵਿਖਤ ਵਿਚ ਜਾਰੀ ਰਹਿਣਗੇ...ਮੁੜਕੇ ਹੈਰਾਨ ਨਾ ਹੋਇਓ...

[ਨੋਟ : ਇਹ ਬਲੈਕ ਨਵੰਬਰ 1979—ਅਕਤੂਬਰ 1980 (ਖੰਡ ਸਾਲ) ਤੀਕ ਦੀ ਹੀ ਹੈ। ਇਸ ਵਿਚ ਨਵੰਬਰ-ਦਸੰਬਰ 1980 ਅਤੇ ਜਨਵਰੀ 1981 ਦੇ ਤਿੰਨ ਮਹੀਨਿਆਂ ਦੁਰਾਨ ਹੋਈ ਬਲੈਕ ਸ਼ਾਮਲ ਨਹੀਂ ਜਦੋਂ ਤਿੰਨ ਰੁਪਏ ਬਨਣ ਵਾਲੀ ਖੰਡ ਸ਼ਰੇਆਮ ਅੱਠੀਂ ਵਿਕਦੀ ਹੈ [170% ਬਲੈਕ ਰੇਟ ਤੇ]

o

# ਇਹ ਹਮਾਰਾ ਜੀਵਣਾ

ਗੁਰਸ਼ਰਨ ਸਿੰਘ

## 1. 1980 ਦੀ ਕਵਿਤਾ

2 ਜਨਵਰੀ 1981; ਟੀ ਵੀ ਤੇ ਸਾਡੇ ਤਿੰਨ ਪ੍ਰਮੁਖ, ਕਵੀ ਜਗਤਾਰ, ਮੀਸ਼ਾ ਅਤੇ ਸੁਰਜੀਤ ਪਾਤਰ 1980 ਦੀ ਪੰਜਾਬੀ ਕਵਿਤਾ ਬਾਰੇ ਇਕ ਗੋਸ਼ਟੀ ਕਰ ਰਹੇ ਸਨ। ਸੰਜੋਗਕ ਸਾਡੇ ਇਕ ਹੋਰ ਪ੍ਰਮੁੱਖ ਕਵੀ ਡਾਕਟਰ ਰਨਧੀਰ ਸਿੰਘ ਚੰਦ ਸਨ। ਬਹਿਸ ਵਿਚ ਜਿਹੜੀ ਇਕ ਗੱਲ ਵਾਰ ਵਾਰ ਦੁਹਰਾਈ ਗਈ, ਉਹ ਇਹ ਸੀ ਕਿ 1980 ਦੀ ਕਵਿਤਾ ਦੀ ਵਡੀ ਪ੍ਰਾਪਤੀ ਇਸਦਾ ਧੀਮਾ ਸੁਰ ਹੈ। ਕਵੀ ਸਮਾਜਕ ਵਿਧਰੋਹ ਦੀ ਥਾਂ ਆਤਮ ਵਿਧਰੋਹ ਵਲ ਆ ਗਿਆ ਹੈ। ਉਹ ਹੁਣ ਆਪਣੇ ਆਪ ਨੂੰ ਸੰਬੋਧਨ ਹੈ। ਹੁਣ ਉਹ ਰੌਲਾ ਨਹੀਂ ਪਾਂਦਾ। ਇਹੋ ਗੱਲ ਸਾਡੇ ਇਕ ਹੋਰ ਪ੍ਰਮੁਖ ਕਵੀ ਮੋਹਨਜੀਤ ਨੇ ਦੂਜੇ ਢੰਗ ਨਾਲ 'ਕੌਮੀ ਏਕਤਾ' ਦੇ ਜਨਵਰੀ ਅੰਕ ਵਿਚ ਕਹੀ ਹੈ। 1980 ਦੀਆਂ ਕਿਤਾਬਾਂ ਦਾ ਸਰਵੇਖਣ ਕਰਦਾ ਹੋਇਆ ਉਹ ਸੰਤੋਖ ਸਿੰਘ ਧੀਰ ਦੀਆਂ 'ਕਾਲੀ ਬਰਛੀ' ਸੰਗ੍ਰਿਹ ਵਿਚ ਅੰਕਿਤ ਕਵਿਤਾਵਾਂ ਦਾ ਜ਼ਿਕਰ ਇਸ ਤਰ੍ਹਾਂ ਕਰਦਾ ਹੈ—"ਇਹ ਕਵਿਤਾਵਾਂ ਮੌਖਿਕ ਸੁਭਾ ਵਾਲੀਆਂ ਹਨ। ਲਿਖਤੀ ਜੁਗਤ ਤੋਂ ਪਰ੍ਹੇ ਹੋਣ ਕਰਕੇ ਇਹ ਕਵਿਤਾਵਾਂ ਲਾਊਡ ਹਨ। ਆਧੁਨਿਕ ਸੰਵੇਦਨਾ ਦਾ ਅਜੇਹਿਆਂ ਲਿਖਤਾਂ ਨਾਲ ਕੋਈ ਲਾਕਾ ਦੇਕਾ ਨਹੀਂ ਹੋ ਸਕਦਾ"

ਉਤਲੀ ਗੋਸ਼ਟੀ ਅਤੇ ਮੋਹਨਜੀਤ ਦੇ ਕਥਨ ਦੇ ਪ੍ਰਸੰਗ ਵਿਚ ਇਹ ਸਵਾਲ ਪੈਦਾ ਹੁੰਦਾ ਹੈ ਕਿ ਸੰਵੇਦਨਾਂ ਨੂੰ ਕਿਸ ਮਯਾਰ ਨਾਲ ਆਧੁਨਿਕ ਮਿਥਿਆ ਜਾਂਦਾ ਹੈ ਤੇ ਕਿਸ ਮਯਾਰ ਨਾਲ ਇਸ ਨੂੰ ਗ਼ੈਰ ਆਧੁਨਿਕ ਕਿਹਾ ਜਾਂਦਾ ਹੈ? ਇਸਦਾ ਸਹੀ ਜਵਾਬ ਤਾਂ ਸ਼ਾਇਦ ਮੋਹਨਜੀਤ ਦੇ ਆਪਣੇ ਸ਼ਬਦਾਂ ਵਿਚ ਲਭਿਆ ਜਾ ਸਕਦਾ ਹੈ, ਜਿਹੜੇ ਕੁਝ ਹੀ ਸਾਲ ਹੋਏ ਉਹਨੇ 'ਆਰੰਭ' ਨਾਂ ਦੀ ਪੰਜਾਬੀ ਕਵਿਤਾ ਦੀ ਇਕ ਐਨਥੋਲੋਜੀ ਦੀ ਸੰਪਾਦਨਾ ਕਰਦੇ ਲਿਖੇ ਸਨ "ਹੰਢਾਏ ਹੋਏ ਅਨੁਭਵ ਦੀ ਸੁਹਿਰਦ ਪੇਸ਼ਕਾਰੀ ਹੀ ਕਲਾ ਹੈ। ਅਜੇਹੀ ਕਲਾ ਹੋਰ ਵੀ ਸ਼ਕਤੀਵਰ ਹੋ ਜਾਂਦੀ ਹੈ, ਜਦੋਂ ਇਸ ਦੀ ਰਚਨਾ ਸਮੇਂ ਦੇ ਸੱਚ ਨੂੰ ਉਲੀਕਦਾ ਕੋਈ ਜੁਝਾਰ ਕਲਾਕਾਰ ਕਰਦਾ ਹੈ। ਸਮਾਜਕ ਜੀਵਨ ਯਾਤਰਾ ਵਿਚ ਇਕ ਅਜੇਹਾ ਪੜਾਅ ਵੀ ਆਉਂਦਾ ਹੈ, ਜਦੋਂ 'ਸੱਚ ਤੇ ਸੱਚ ਤੋਂ ਬਿਨਾਂ ਕੁਝ ਨਹੀਂ' ਦਾ ਲਕਸ਼ ਉਭਰਦਾ ਹੈ, ਤੇ ਅਜੇਹਾ ਸੱਚ ਸਥਾਪਤੀ ਲਈ ਹਮੇਸ਼ਾ ਖ਼ਤਰਨਾਕ ਹੁੰਦਾ ਹੈ।—ਪਰ ਯਾਤਰਾ ਤਾਂ ਨਿਰੰਤਰ ਚਲਦੀ ਹੈ।"

ਉਤਲੇ ਕੱਥਨ ਤੋਂ ਇਹ ਸਾਫ ਹੈ ਕਿ ਕਵੀ ਦੇ ਹੰਢਾਏ ਹੋਏ ਅਨੁਭਵ ਅਤੇ ਉਹਨਾਂ ਦਾ ਕਲਾਮਈ ਸੁਹਿਰਦ ਪ੍ਰਗਟਾਵਾ ਹੀ ਬੁਨਿਯਾਦੀ ਸੰਵੇਦਨਾ ਹੈ। ਸੰਵੇਦਨਾ ਦੇ ਪੱਧਰ ਬਾਰੇ ਗੱਲ 'ਚੰਗੀ' ਜਾਂ 'ਮਾੜੀ' ਸ਼ਬਦਾਂ ਵਿਚ ਕਹੀ ਜਾ ਸਕਦੀ ਹੈ, ਇਸ ਵਿਚ 'ਅਧੁਨਿਕ' ਅਤੇ 'ਲਾਊਡ' ਵਰਗੇ ਵਿਸ਼ਲੇਸ਼ਣ ਬਿਲਕੁਲ ਸਬੰਧਕੀ ਹਨ, ਉਹਨਾਂ ਦੀ ਆਪਣੀ ਆਜ਼ਾਦ ਹੋਂਦ ਕੋਈ ਨਹੀਂ। ਇਹ ਸਭ ਕੁਝ ਇਸ ਗੱਲ ਤੇ ਨਿਰਭਰ ਹੈ ਕਿ ਕਵੀ ਨੇ ਆਪਣੀ ਕਾਵਿ ਯਾਤਰਾ ਲਈ ਕਿਹੜੇ ਲਕਸ਼ ਚੁਣੇ ਹਨ। ਉਹਦੀ ਤੋਰ ਦੀ ਜੁਗਤੀ ਵੀ ਯਾਤਰਾ ਦੇ ਲਕਸ਼ਾਂ ਉਤੇ ਹੀ ਨਿਰਭਰ ਹੋਵੇਗੀ। ਇਸੇ ਯਾਤਰਾ ਵਿਚ ਇਕ ਸਾਲ 1967 ਆਇਆ ਸੀ ਜਦੋਂ ਸੰਕਟ ਗ੍ਰਹਿਸੀ ਜ਼ਿੰਦਗੀ ਵਿਚ ਆਈ ਖੜੋਤ ਨੂੰ ਤੋੜਣ ਦਾ ਇਕ ਯਤਨ ਸ਼ੁਰੂ ਕੀਤਾ ਗਿਆ ਸੀ। ਇਹ ਯਤਨ ਇਕ ਕ੍ਰਾਂਤੀਕਾਰੀ ਲਹਿਰ ਦੀ ਸ਼ਕਲ ਵਿਚ ਸਾਹਮਣੇ ਆਇਆ। ਸਾਹਿਤ ਵਿਚ ਇਸਦਾ ਜ਼ਿਕਰ ਆਇਆ ਤਾਂ ਵਿਧਰੋਹ ਅਤੇ ਕੁਝ ਮਰ ਮਿਟਣ ਦੀਆਂ ਭਾਵਨਾਂਵਾਂ ਇਸ ਸਾਹਿਤ ਦਾ ਪ੍ਰਧਾਨ ਸੁਰ ਬਣੀਆਂ। ਇਹ ਭਾਵਨਾਂਵਾਂ ਕਵੀਆਂ ਦੇ ਹੰਢਾਏ ਹੋਏ ਅਨੁਭਵਾਂ ਦਾ ਸੁਹਿਰਦ ਪ੍ਰਗਟਾਵਾ ਸਨ। ਸਿੱਤਮ ਜ਼ਰੀਫ਼ੀ ਇਹ ਹੈ ਕਿ ਇਹੋ ਭਾਵਨਾਂਵਾਂ ਜਿਹੜੀਆਂ ਹਰ ਯੁੱਗ ਵਿਚ ਪਵਿਤਰ ਸਮਝੀਆਂ ਜਾਂਦੀਆਂ ਰਹੀਆਂ ਹਨ ਅਤੇ ਜਿਨਾਂ ਨੇ ਯੁੱਗ ਪਲਟਾਏ ਹਨ, ਅਜ ਇਹਨਾਂ ਭਾਵਨਾਂਵਾਂ ਨੂੰ ਰਖਣ ਵਾਲੇ ਲੋਕ ਭਾਵੁਕ ਅਤੇ ਮੂਰਖ ਸਮਝੇ ਜਾਂਦੇ ਹਨ ਅਤੇ ਉਹ ਲੋਕ ਜਿਹੜੇ ਹਰ ਪੜਾਅ ਤੇ ਹਰ ਵੇਲੇ ਸਿਰਫ ਆਪਣੇ ਹਿਤਾਂ ਬਾਰੇ ਹੀ ਸੋਚਦੇ ਹਨ, ਉਹ ਸਿਆਣੇ ਅਤੇ ਸੰਵੇਦਨਾਸ਼ੀਲ ਸਮਝੇ ਜਾਂਦੇ ਹਨ। 'ਕੁਝ ਕਰਨ ਦਾ ਉਪਰਾਲਾ' ਬੇਵਕੂਫੀ ਹੈ ਅਤੇ 'ਕਮੀਨਗੀ' ਹੀ ਸਿਆਣਪ ਹੈ। ਜ਼ਿੰਦਗੀ ਨਾਲ ਸਮਝੌਤਾ ਧੀਮੀਂ ਸੁਰ ਹੈ, ਸਹਿਜ ਹੈ, ਸੁਹਜ ਹੈ, ਅਧੁਨਿਕ ਸੰਵੇਦਨਾ ਹੈ। ਜ਼ਿੰਦਗੀ ਦੀਆਂ ਗਲਤ ਕੀਮਤਾਂ ਵਿਰੁਧ ਬੋਲਣਾ ਲਿਖਣਾ ਉੱਚੀ ਸੁਰ ਹੈ, ਲਾਊਡ ਨੈਸ ਹੈ, ਰੌਲਾ ਹੈ। ਜੇ ਕਵੀ ਪੁਛੇ "ਮੈਂ ਕੀ ਹਾਂ?" ਤਾਂ ਉਹ ਅਧੁਨਿਕਤਾ ਹੈ। ਜੇ ਕਵੀ ਪੁਛੇ "ਇਹ ਸਮਾਜ ਕੀ ਏ?" "ਇਸ ਵਿਚ ਇਹ ਅਨਿਆਏ ਕਿਉਂ ਏ?" ਤਾਂ ਉਹ ਅਧੁਨਿਕ ਸੰਵੇਦਨਾ ਤੋਂ ਅਨਜਾਣ ਹੈ। ਕੀ ਪਾਬਲੋਨਰੋਦਾ, ਨਾਜ਼ਮ ਹਿਕਮਤ ਤੇ ਸਾਡੇ ਆਪਣੇ ਕਵੀ ਜਿਨ੍ਹਾਂ ਵਿਚ ਮੋਹਨਜੀਤ, ਪਾਤਰ, ਜਗਤਾਰ ਆਪ ਵੀ ਆਂਦੇ ਹਨ, ਕੀ ਹਮੇਸ਼ਾ ਰੌਲਾ ਹੀ ਪਾਂਦੇ ਰਹੇ ਹਨ?

ਇਹ ਠੀਕ ਹੈ ਕਿ ਕੁਲਦੀਪ ਕਲਪਨਾ ਜਦੋਂ ਧੀਮੀਂ ਸੁਰ ਵਿਚ ਕੁਝ ਕਹਿੰਦੀ ਹੈ ਤਾਂ ਉਹ ਆਪਣੇ ਆਪ ਨਾਲ

ਅਤੇ ਆਪਣੀ ਸ਼ੈਲੀ ਨਾਲ ਪੂਰਾ ਇਨਸਾਫ ਕਰਦੀ ਹੈ। ਧੀਮੀਂ ਸੁਰ ਉਹਦੀ ਪ੍ਰਾਪਤੀ ਜ਼ਰੂਰ ਕਹੀ ਜਾ ਸਕਦੀ ਹੈ, ਪਰ ਇਹ ਸੁਰ ਹਰ ਇਕ ਕਵਿਤਾ ਨੂੰ ਮਿਥਨ ਦੀ ਇਕ ਸਰਬ-ਵਿਆਪਕ ਕੱਸਵੱਟੀ ਨਹੀਂ ਕਹੀ ਜਾ ਸਕਦੀ। ਆਪਣੇ ਆਲੇ ਦੁਆਲੇ ਇਕ ਅੰਡਾ ਛਿਲਕੀ ਦੀਵਾਰ ਸਿਰਜ ਕੇ ਉਹਦੇ ਅੰਦਰ ਹੀ ਸੁੰਘੜ ਜਾਣਾ ਕੋਈ ਫਖਰ ਵਾਲੀ ਗੱਲ ਨਹੀਂ। ਇਹ ਸਮਾਜਕ ਜ਼ਿਮੇਂਵਾਰੀਆਂ ਤੋਂ ਬੇ-ਮੁੱਖਤਾ ਦਾ ਚਿੰਨ ਹੈ। ਇਸ ਨੂੰ ਵਡੀ ਪ੍ਰਾਪਤੀ ਕਿਉਂ ਕਹੀਏ ? ਇਹ ਅਮਲ ਸਿਰਫ ਬੁਰਜੁਆ ਸਥਾਪਤੀ ਤੋਂ ਸਿਵਾ ਹੋਰ ਕੁਝ ਨਹੀਂ ਅਤੇ ਇਸ ਨੂੰ ਇਸੇ ਪ੍ਰਸੰਗ ਵਿਚ ਲਿਆ ਜਾਣਾ ਚਾਹੀਦਾ ਹੈ।

ਯਾਤਰਾ ਦੀ ਗੱਲ ਨੂੰ ਹੀ ਅੱਗੇ ਤੋਰਦੇ ਹੋਏ ਜੇਕਰ ਕਹੀਏ ਕਿ ਯਾਤਰਾ ਤੇ ਚਲੇ ਹੋਏ ਕੁਝ ਯਾਤਰੀ ਜੇਕਰ ਹੰਭ ਜਾਣ ਤਾਂ ਇਹਦਾ ਇਹ ਮਤਲਬ ਨਹੀਂ ਕਿ ਯਾਤਰਾ ਦੇ ਲਕਸ਼ ਹੀ ਬਦਲ ਗਏ ਹਨ। ਬਾਕੀ ਹੰਭ ਜਾਣਾ ਕੋਈ ਮਿਹਨਾਂ ਨਹੀਂ, ਕਿਉਂਕਿ ਜਿਸ ਯਾਤਰਾ ਤੇ ਉਹ ਚਲੇ ਸਨ ਉਹ ਹੈ ਹੀ ਬੜੀ ਔਖੀ ਘਾਟੀ। ਕਹਿੰਦੇ ਕਹਿਲਾਂਦੇ ਮਹਾਂ ਰੱਥੀਆਂ ਦੇ ਦਾਅਵੇ ਝੂਠੇ ਪੈ ਜਾਂਦੇ ਹਨ। ਪਰ ਜਿਹੜੇ ਸਿਦਕੀ ਤੁਰੇ ਹੋਏ ਹਨ, ਉਹਨਾਂ ਬਾਰੇ ਦੂਜਾ ਪਿਆ ਕੋਈ ਕਹੇ ਪਰ ਜਿਹੜੇ ਆਪ ਕਿਸੇ ਵੇਲੇ ਇਸ ਯਾਤਰਾ ਤੇ ਤੁਰੇ ਸਨ, ਉਹਨਾਂ ਦਾ ਹੱਕ ਨਹੀਂ ਬਣਦਾ ਕਿ ਉਹਨਾਂ ਦੇ ਸਿੱਦਕ ਨੂੰ ਵੱਖ ਵੱਖ ਸਾਹਿਤਕ ਵਿਸ਼ਲੇਸ਼ਣ ਦੇ ਕੇ ਮਜ਼ਾਕ ਉਡਾਨ। ਇਸ ਯਾਤਰਾ ਦੀ ਪੂਰਤੀ ਹੀ ਸਾਡੇ ਕਰੋੜਾਂ ਲੋਕਾਂ ਦਾ ਕਲਿਆਨ ਹੈ। ਹਾਂ ਜੇ ਕਿਸੇ ਕੋਲ ਕੋਈ ਹੋਰ ਰਾਹ ਹੈ, ਜੋ ਉਸਨੇ ਘਾਲਣਾ ਨਾਲ ਜਾਂ ਤਜਰਬੇ ਨਾਲ ਲਭਿਆ ਹੈ ਤਾਂ ਉਸਨੂੰ ਸਪਸ਼ਟ ਦਸੇ ਤਾਂ ਕਿ ਸਿੱਦਕੀ ਵੀ ਉਸ ਤੋਂ ਕੋਈ ਫਾਇਦਾ ਉਠਾਨ। ਆਪੇ ਵਿਚ ਸੁੰਘੜ ਜਾਣਾ ਕੋਈ ਬਦਲ ਨਹੀਂ ਤਾਂ ਨਾਂ ਹੀ ਕੋਈ ਨਵਾਂ ਰਾਹ ਹੈ ਤੇ ਨਾਂ ਹੀ ਇਹ ਕੋਈ ਅਧੁਨਿਕ ਸੰਵੇਦਨਾ ਹੈ।

ਹੇਠਾਂ ਮੋਹਨਜੀਤ, ਪਾਤਰ, ਜਗਤਾਰ ਦੀਆਂ ਹੀ ਕਵਿਤਾਵਾਂ ਦਿਤੀਆਂ ਹਨ। ਫੈਸਲਾ ਉਹ ਆਪ ਕਰਨ ਕਿ ਕੀ ਉਹ ਰੋਲਾ ਹਨ ? ਕੀ ਉਹ ਹੰਢਾਏ ਹੋਏ ਅਨੁਭਵ ਨਹੀਂ ? ਕੀ ਜਿਹੜੇ ਕਵੀ ਹੁਣ ਕ੍ਰਾਂਤੀ ਬਾਰੇ ਲਿਖਦੇ ਹਨ ਉਹ ਕੋਈ ਅਨੁਭਵ ਨਹੀਂ ਹੰਢਾਦੇ ?...ਖੈਰ ਫੈਸਲਾ ਕੋਈ ਵੀ ਹੋਵੇ ਯਾਤਰਾ ਨੇ ਤਾਂ ਨਿਰੰਤਰ ਚਲਣਾ ਹੈ, ਉਹ ਚਲਦੀ ਹੈ ਤੇ ਚਲਦੀ ਹੀ ਰਹੇਗੀ।

## ਵਿਰੋਧ/ਮੋਹਨਜੀਤ

ਅਹਿ ਲੈ ਆਪਣੀ ਹਮਦਰਦੀ ਦੀ ਰਬੜ ਦੀ ਗੁੱਡੀ
ਅਹਿ ਲੈ ਆਪਣੇ ਤਰਸ ਦਾ ਮਿੱਟੀ ਦਾ ਲੂੰਬੜ
ਅਹੁ ਤੇਰਾ ਕਾਗਜ਼ ਤੇ ਵਗਿਆ ਸੀਤ ਸੂਰਜ
ਮੈਂ ਦੋਸਤ ਹਾਂ ਜਾਂ ਦੁਸ਼ਮਣ ਹਾਂ
ਮੇਰੇ ਲਈ ਵਿਚਕਾਰਲਾ ਰਾਹ ਖੁਦਕਸ਼ੀ ਹੈ
ਜੇ ਮੇਰਾ ਸੱਚ ਸੱਤੀਂ ਕਪੜੀਂ ਹੀ ਅੱਗ ਲਾਉਂਦਾ ਹੈ
ਤਾਂ ਆਪਣੇ ਪੁਸਤਕੀ ਦਰਸ਼ਨ ਨੂੰ ਘਰ ਦੇ ਗੋਲ
    ਕਮਰੇ 'ਚ ਸਜਾ ਕੇ ਰਖ
ਕਿ ਹੁਣ ਤੁਰਦੇ ਹੋਏ ਲੋਕੀ
    ਨਜ਼ਰ ਘਰ ਰੱਖ ਕੇ ਨਹੀਂ ਆਉਂਦੇ
ਜਿਹਨਾਂ ਨੇ ਜੂਝਣਾ ਹੈ
ਉਹਨਾਂ ਹਰ ਦਾਅ ਵਰਤਣਾ ਹੈ
ਮੌਸਮੀ ਸਭਿਅਤਾ ਦਾ ਘੇਰਾਓ ਵੀ ਕਰਨਾ ਹੈ
ਜੇ ਲੱਛੇਦਾਰ ਬੋਲਾਂ 'ਚੋਂ ਤੁਸੀਂ ਠੂਹੇਂ ਵਰ੍ਹਾ ਸਕਦੇ ਹੋ
ਅਸੀਂ ਵੀ ਗਾਂ ਦੁਬਾਰੇ 'ਤੇ ਚੜਾਉਣਾ ਜਾਣਦੇ ਹਾਂ
ਬਥੇਰੀ ਤਰਲਿਆਂ ਦੀ ਉਮਰ ਬੀਤੀ ਹੈ
ਅਨੇਕਾਂ ਚਰਖਿਆਂ ਦੀ ਮਾਹਲ ਟੁੱਟੀ ਹੈ
ਅਜੇ ਵੀ ਕਿਲ੍ਹੇ ਦੀ ਪਰ ਕੰਧ ਉੱਚੀ ਹੈ
'ਤੇ ਏਸੇ ਕੰਧ ਤੇ ਹੁਣ ਨਜ਼ਰ ਲੱਗੀ ਹੈ।
ਸੁਜਾਖੇ ਯਾਤਰੀ ਨੇ ਸਿਜ਼ਤ ਬੱਧੀ ਹੈ
'ਤੇ ਏਸੇ ਕੰਧ ਤੇ ਹੁਣ ਨਜ਼ਰ ਲੱਗੀ ਹੈ

(ਆਰੰਭ ਵਿਚੋਂ)

o

## ਕਦੇ ਨਹੀਂ ਸੀ ਸੋਚਿਆ/ਸੁਰਜੀਤ ਪਾਤਰ

ਉਂਜ ਤਾਂ ਮੈਂ ਵੀ ਚੰਦਰ ਬੰਸੀ
ਸੁਹਜਵਾਦੀ
ਸੰਧਿਆਮੁਖੀ ਕਵੀ ਹਾਂ
ਉਂਜ ਤਾਂ ਮੈਨੂੰ ਵੀ ਬਹੁਤ ਚੰਗੀ ਲਗਦੀ ਹੈ
ਕਮਰੇ ਦੀ ਨਿੰਮੀ ਰੋਸ਼ਨੀ ਵਿਚ
ਉਦਾਸ ਪਾਣੀ ਦੀ ਘੁੰਮਣਘੇਰੀ ਵਾਂਗ ਚਲਦੇ
ਐਲ. ਪੀ ਚੋਂ ਆਉਂਦੀ ਏਮਨ ਕਲਿਆਣ ਦੀ ਧੁੰਨ
ਉਂਜ ਤਾਂ ਮੈਨੂੰ ਵੀ ਬਹੁਤ ਚੰਗਾ ਲਗਦਾ ਹੈ
ਸ਼ਬਦਾਂ ਦੇ ਅਰਥਾਂ ਦੀਆਂ ਕੁੰਜੀਆਂ ਨਾਲ
ਕਦੀ ਬ੍ਰਹਿਮੰਡ ਨੂੰ ਬੰਦ ਕਰਨਾ
ਕਦੀ ਖੋਲ੍ਹ ਦੇਣਾ
ਕਲਾਸ ਰੂਮ 'ਚ ਬੁਧ ਦੀ ਅਹਿੰਸਾ-ਭਾਵਨਾ ਨੂੰ
ਚਿੱਟੇ ਕਬੂਤਰ ਵਾਂਗ ਪਲੋਸਣਾ
ਸਫੈਦਿਆਂ ਵਰਗੀਆਂ ਕੁੜੀਆਂ ਤੇ
ਬੱਦਲ ਵਾਂਗ ਰਿਸ ਰਿਸ ਵਰਸਣਾ
ਉਂਜ ਤਾਂ ਮੈਨੂੰ ਵੀ ਬਹੁਤ ਚੰਗਾ ਲਗਦਾ ਹੈ
ਅਸਮਾਨ ਉੱਤੇ ਤਾਰਿਆਂ ਨੂੰ ਜੋੜ ਜੋੜ
ਤੇਰਾ ਜਾਂ ਆਪਣਾ ਨਾਂ ਲਿਖਣਾ
ਪਰ ਜਦ ਕਦੀ ਅਚਾਨਕ ਬੰਦੂਕ ਦੀ
    ਨਾਲੀ 'ਚੋਂ ਨਿਕਲਦੀ ਅੱਗ ਨਾਲ

ਪੜ੍ਹਣ ਗਿਆਂ ਦੀ ਛਾਤੀ ਤੇ ਉਹਨਾਂ ਦਾ
ਭਵਿੱਖ ਲਿਖਿਆ ਜਾਂਦਾ ਹੈ
ਜਾਂ ਡੂੰਘੇ ਬੀਜੇ ਜਾਂਦੇ ਹਨ ਗਿਆਨ ਦੇ ਵਰ੍ਹੇ
ਜਾਂ ਸਿਖਾਇਆ ਜਾਂਦਾ ਹੈ ਐਸਾ ਸੱਬਕ
ਕਿ ਘਰ ਜਾ ਕੇ ਮਾਂ ਨੂੰ ਸੁਣਾ ਵੀ ਨਾਂ ਸਕਣ
ਤਾਂ ਮੇਰਾ ਜੀ ਕਰਦਾ ਹੈ
ਜੰਗਲ 'ਚ ਛੁਪੇ ਗੁਰੀਲੇ ਨੂੰ ਕਹਾਂ
ਅਹਿ ਲੈ ਮੇਰੀਆਂ ਕਵਿਤਾਵਾਂ
ਬਾਲ ਕੇ ਅੱਗ ਸੇਕ ਲੈ
ਉਸ ਪਲ ਉਸ ਦੀ ਬੰਦੂਕ ਦੀ ਨਾਲੀ
'ਚੋਂ ਨਿਕਲਦੀ ਆਵਾਜ਼ ਨੂੰ
ਖ਼ੂਬਸੂਰਤ ਸ਼ਿਅਰ ਵਾਂਗ ਮੁੜ ਸੁਨਣ ਨੂੰ ਜੀ ਕਰਦਾ ਏ
ਹਿੰਸਾ ਵੀ ਏਨੀ ਕਾਵਿਕ ਹੋ ਸਕਦੀ ਹੈ
ਮੈਂ ਕਦੀ ਨਹੀਂ ਸੀ ਸੋਚਿਆ
ਚਿੱਟਾ ਕਬੂਤਰ ਲਹੂ ਲੁਹਾਣ
ਮੇਰੇ ਉਨ੍ਹਾਂ ਚਿੱਟੇ ਵਰਕਿਆਂ ਤੇ ਡਿੱਗ ਪੈਂਦਾ ਹੈ
ਜਿਨ੍ਹਾਂ ਤੇ ਮੈਂ ਤੈਨੂੰ ਖਤ ਲਿਖਣ ਲੱਗਾ ਸਾਂ
ਖ਼ਤ ਇਉਂ ਵੀ ਲਿਖੇ ਜਾਣਗੇ
ਮੈਂ ਕਦੇ ਨਹੀਂ ਸੀ ਸੋਚਿਆ।

(ਬੇੜੀਆਂ ਤੇ ਬਾਦਬਾਨ ਵਿਚੋਂ)

o

## ਫੈਸਲਾ/ਜਗਤਾਰ

ਤੁਸੀਂ ਜੋ ਜ਼ਿੰਦਗੀ ਵਿਚ
ਰੀਂਗਦੇ ਹੋਏ ਕੀੜਿਆਂ ਵਰਗੀ
ਹਿਯਾਤੀ ਨਾਲ ਖੁਸ਼ ਹੋ
ਤਾਂ ਮੁਬਾਰਕ !
ਅਸਾਂ ਨੂੰ ਰੀਂਗਦੀ ਹੋਈ ਜ਼ਿੰਦਗੀ ਦੇ ਨਾਲ ਨਫ਼ਰਤ ਹੈ
ਤੁਸੀਂ ਪਰਕਾਰ ਵਾਂਗੂ
ਦਾਇਰਿਆਂ ਵਿਚ ਜੋ ਘਿਰੇ ਰਹਿਣਾ
ਤਾਂ ਸਾਡੀ ਅਲਵਿਦਾ !
ਅਸੀਂ ਪਰ ਮੀਲ ਪੱਥਰ ਵਾਂਗ ਗੱਡੇ ਰਹਿਣ ਵਿਚ
ਵਿਸ਼ਵਾਸ਼ ਨਹੀਂ ਰਖਦੇ
ਅਸੀਂ ਇਕ ਸਫਰ ਬਣ ਕੇ ਜੀਣ ਵਿਚ
ਵਿਸ਼ਵਾਸ਼ ਰਖਦੇ ਹਾਂ
ਤੇ ਅੱਜ ਗੁਲਮੋਹਰ ਦੇ ਫੁੱਲਾਂ ਦੇ ਰੰਗ ਵਰਗਾ
ਅਜ਼ਮ ਲੈਕੇ ਤੁਰੇ ਹਾਂ
ਗਲੀਂ ਸੋਨੇ ਦੀਆਂ ਬਣੀਆਂ
ਸਲੀਬਾਂ ਪਾਉਣ ਦੀ ਥਾਂ
ਸਲੀਬਾਂ ਦੇ ਗਲਾਂ ਵਿਚ ਲਟਕ ਜਾਣ ਦਾ
ਅਸੀਂ ਜੋ ਫੈਸਲਾ ਕੀਤਾ
ਤਾਂ ਇਸਦੇ ਨਾਲ ਈਸਾ ਦਾ ਨਿਰਾਦਰ ਕਿਸ ਤਰ੍ਹਾਂ ਹੋਇਆ
ਤੁਸੀਂ ਇਹ ਫੈਸਲਾ ਸੁਣ ਕੇ
ਜੋ ਸਾਡੇ ਸਿਰਾਂ ਦਾ ਅੱਜ ਮੁੱਲ ਪਾਇਆ ਹੈ
ਅਸੀਂ ਮਸ਼ਕੂਰ ਹਾਂ ਸਾਰੇ
ਅਸਾਡੇ ਗੋਲੀਆਂ ਵਿੰਨ੍ਹੇ ਜਿਸਮ ਤੇ ਸਿਰ
ਤੁਸੀਂ ਹਰ ਸ਼ਹਿਰ ਦੀ ਦੀਵਾਰ ਤੇ ਟੰਗ ਕੇ
ਪਏ ਲੱਖ ਇਬਰਤਾਂ ਦੇਵੋ
ਅਸਾਂ ਨੇ ਕਦੇ ਵੀ ਪਰ ਰਹਿਮ ਦੇ ਪਾਤਰ ਨਹੀਂ ਬਣਨਾ
ਅਸੀਂ ਗੁਲਮੋਹਰ ਦੇ ਫੁੱਲਾਂ ਦੇ ਰੰਗ ਵਰਗਾ
ਅਜ਼ਮ ਲੈ ਕੇ ਤੁਰੇ ਹਾਂ
ਅਸੀਂ ਇਕ ਸਫ਼ਰ ਬਣ ਕੇ
ਜੀਣ ਵਿਚ ਵਿਸ਼ਵਾਸ਼ ਰਖਦੇ ਹਾਂ

(ਆਰੰਭ ਵਿਚੋਂ)

o

## 2. ਰਾਜ ਭਵਨ ਵਿਚ ਅੱਗ

ਉਂਞ ਤਾਂ ਸਾਰੇ ਦੇਸ਼ ਵਿਚ ਕੋਈ ਨ ਕੋਈ ਅੱਗ ਲਗੀ ਹੋਈ ਹੈ, ਪਰ ਇਸਦਾ ਸੇਕ ਆਮ ਤੌਰ ਤੇ ਰਾਜ ਭਵਨਾਂ ਵਿਚ ਨਹੀਂ ਪਹੁੰਚਦਾ। ਇਹ ਪਹਿਲੀ ਦਫਾ ਹੈ ਕਿ ਇਕ ਰਾਜ ਭਵਨ ਨੂੰ ਵੀ ਅੱਗ ਲਗ ਗਈ ਹੈ ਜੋ ਸ਼ਿਮਲੇ ਵਿਚ ਅੰਗਰੇਜ਼ ਵਾਇਸਰਾਵਾਂ ਦਾ ਵੀ ਘਰ ਰਿਹਾ ਹੈ। ਅੱਗ ਵਿਚ ਹਿਮਾਚਲ ਦਾ ਗਵਰਨਰ, ਕੋਈ ਏ. ਏ. ਖਾਨ ਜੋ ਰਾਜਸਥਾਨ ਦੀ ਇਕ ਰਿਆਸਤ ਲੁਹਾਰੂ ਦਾ ਨਵਾਬ ਵੀ ਹੈ, ਉਹਦੀ ਬੇਗਮ ਅਤੇ ਉਹਦੇ ਦੋ ਭਰਾ ਜੋ ਪਾਕਿਸਤਾਨ ਤੋਂ ਆਏ ਸਨ, ਮਸਾਂ ਮਸਾਂ ਬਚੇ ਹਨ। ਖਬਰਾਂ ਅਨੁਸਾਰ ਖਾਨ ਸਾਹਿਬ ਨੂੰ ਹਾਈ ਬਲੱਡ ਪਰੈਸ਼ਰ ਦਾ ਦੌਰਾ ਪੈ ਗਿਆ ਹੈ, ਕਿਉਂਕਿ ਉਹਨਾਂ ਦੇ ਲਖਾਂ ਦੀ ਕੀਮਤ ਦੇ ਹੀਰੇ, ਗਹਿਣੇ, ਗ਼ਲੀਚੇ, ਹੀਰਿਆਂ ਜੜੀਆਂ ਛੁਰੀਆਂ ਕਾਂਟੇ ਆਦਿਕ ਇਸ ਅੱਗ ਵਿਚ ਸੜ ਗਏ ਹਨ। ਇਕ ਸੋਨੇ ਦਾ ਸਿਗਰਿਟ ਕੇਸ ਨਹੀਂ ਪਿਆ ਲਭਦਾ ਜਿਸਦੀ ਕੀਮਤ 40,000 ਰੁਪਏ ਦਸੀ ਜਾਂਦੀ ਹੈ।

ਅਜ ਤੋਂ 31 ਸਾਲ ਪਹਿਲੇ ਜਦੋਂ ਹਿੰਦੋਸਤਾਨ ਦਾ ਵਿਧਾਨ ਬਣਾਇਆ ਜਾ ਰਿਹਾ ਸੀ ਤਾਂ ਗਵਰਨਰ ਦੇ ਅਹੁਦੇ ਦੀ ਜਦੋਂ ਗੱਲ ਆਈ ਤਾਂ ਸਰਕਾਰੀ ਬੈਂਚਾਂ ਵਲੋਂ ਇਹ ਕਿਹਾ ਗਿਆ ਸੀ ਕਿ ਇਹ ਅਹੁਦਾ ਉਹਨਾਂ ਲੋਕਾਂ ਲਈ ਕਾਇਮ ਕੀਤਾ ਜਾ ਰਿਹਾ ਹੈ, ਜਿਹੜੇ ਬਹੁਤੀ ਉਮਰ ਹੋਣ ਕਰਕੇ ਸਰਗਰਮ ਕੰਮ ਨਹੀਂ ਕਰ ਸਕਦੇ, ਪਰ ਉਹਨਾਂ ਨੇ ਕਲਾ, ਸਾਇੰਸ ਸਾਹਿਤ, ਵਿਦਿਆ ਇੰਤਜ਼ਾਮੀਆਂ ਜਾਂ ਸਿਆਸੀ ਖੇਤਰਾਂ ਵਿਚ ਵਿਸ਼ੇਸ਼ ਪ੍ਰਾਪਤੀਆਂ ਕੀਤੀਆਂ ਹਨ ਤੇ ਕੌਮ ਨੂੰ ਉਹਨਾਂ ਦੇ ਤਜਰਬੇ ਅਤੇ ਰਹਿਨੁਮਾਈ ਦੀ ਲੋੜ ਹੈ। ਪਰ ਜਿਹੜੇ ਨਵਾਬ ਹੋਰਾਂ ਦੇ ਹੀਰੇ ਤੇ ਸੋਨੇ ਦੇ ਸਿਗਰਿਟ ਕੇਸ ਸੜੇ ਹਨ, ਇਹ ਗਵਰਨਰੀ ਦੀ ਕੁਰਸੀ ਤੇ ਕਿਉਂ ਬੈਠੇ ਸਨ ? ਇਹਨਾਂ

ਦੀ ਪ੍ਰਾਪਤੀ ਕੀ ਸੀ ? ਇਹ ਤਾਂ ਉਹਨਾਂ ਨੂੰ ਬਿਠਾਉਣ ਵਾਲੇ ਹੀ ਜਾਣਦੇ ਹਨ । ਖੈਰ ਇਕ ਸਿਫਤ ਇਹਨਾਂ ਦੀ ਇਹ ਜ਼ਰੂਰ ਸੀ ਕਿ ਉਹਨਾਂ ਕੋਲ 40,000 ਦੀ ਕੀਮਤ ਦਾ ਇਕ ਸਿਗਰਿਟ ਕੇਸ ਸੀ ਅਤੇ ਰੋਟੀ ਖਾਣ ਲਈ ਐਸੇ ਛੁਰੀਆਂ ਕਾਂਟੇ ਸਨ, ਜਿਨਾਂ ਉਤੇ ਹੀਰੇ ਜੜੇ ਸਨ ।

ਮਾਂ ਨਾਵਲ ਵਿਚ ਗੋਰਕੀ ਦਾ ਇਕ ਪਾਤਰ ਕਹਿੰਦਾ ਹੈ ! ਮੈਨੂੰ ਨਹੀਂ ਸੀ ਪਤਾ ਲਗਦਾ ਕਿ ਕਾਰਖਾਨੇ ਵਿਚ ਹੱਡ ਤੋੜ ਮੇਹਨਤ ਕਰਨ ਦੇ ਬਾਅਦ ਵੀ ਮੈਂ ਭੁੱਖਾ ਕਿਉਂ ਰਹਿੰਦਾ ਹਾਂ। ਮੇਰੀ ਕਮਾਈ ਕਿਥੇ ਜਾਂਦੀ ਹੈ ? ਪਰ ਜਦੋਂ ਮੈਂ ਆਪਣੇ ਕਾਰਖਾਨੇ ਦੇ ਮਾਲਕ ਵਲੋਂ ਆਪਣੀ ਮਾਸ਼ੂਕ ਕੁੜੀ ਨੂੰ ਇਕ ਸੋਨੇ ਦਾ ਪਿੱਸਪਾਟ (ਪੇਸ਼ਾਬ ਕਰਨ ਦਾ ਬਰਤਨ) ਤੋਹਫੇ ਦੇ ਤੌਰ ਤੇ ਦੇਂਦਿਆਂ ਵੇਖਿਆ, ਤਾਂ ਮੈਨੂੰ ਪਤਾ ਲਗ ਗਿਆ ਕਿ ਮੇਰੀ ਕਮਾਈ ਕਿਥੇ ਜਾਂਦੀ ਹੈ ।"

ਹਿੰਦੋਸਤਾਨ ਦੇ ਮੇਹਨਤ ਕਸ਼ ਕਿਸਾਨਾਂ ਅਤੇ ਮਜ਼ਦੂਰਾਂ ਦੀ ਕਮਾਈ ਕਿਥੇ ਜਾਂਦੀ ਹੈ ? ਇਹਦਾ ਜਵਾਬ ਸ਼ਾਇਦ ਲੋਕਾਂ ਨੂੰ ਉਸ ਤਰ੍ਹਾਂ ਨਾ ਮਿਲਦਾ, ਪਰ ਰਾਜ ਭਵਨ ਦੀ ਅੱਗ ਵਿਚ ਸੜਣ ਵਾਲੀਆਂ ਚੀਜ਼ਾਂ ਦੇ ਵੇਰਵੇ ਨੇ ਸਾਫ ਕਰ ਦਿਤਾ ਹੈ ਕਿ ਇਹ ਕਮਾਈਆਂ ਕਿਥੇ ਜਾਂਦੀਆਂ ਹਨ।

ਰਾਜ ਭਵਨ ਵਿਚ ਅੱਗੇ ਆਉਣ ਵਾਲੇ ਸਮੇਂ ਵਿਚ ਵਾਪਰਨ ਵਾਲੀਆਂ ਕੁਦਰਤੀ ਤੇ ਗੈਰ ਕੁਦਰਤੀ ਘਟਨਾਵਾਂ ਬਾਰੇ ਇਕ ਸੰਕੇਤ ਹੈ ।

. o

## 3. ਇਕ ਮਿਨੀਂ ਡਰਾਮਾ

ਡਰਾਮੇ ਦਾ ਨਾਂ ਹੈ 'ਗਲ ਬਾਤ' । ਪਾਤਰ ਹਨ ਇਕ ਪ੍ਰਾਂਤ ਦਾ ਮੁੱਖ ਮੰਤਰੀ ਦੱਦਾ ਸਿੰਘ, ਅਪੋਜ਼ੀਸ਼ਨ ਐੜਾ ਜੀ ਅਤੇ ਇਕ ਸਾਧਾਰਨ ਸ਼ਹਿਰੀ 'ਸ਼ਸ਼ਾ' ਜੋ ਨਾਟਕ ਦਾ ਸੂਤਰਧਾਰ ਵੀ ਹੈ ।

ਸ਼—(ਅਖਬਾਰ ਪੜ੍ਹਦੇ ਹੋਏ) ਅਜ ਦੀ ਤਾਜ਼ਾ ਖ਼ਬਰ, ਦੱਦੇ ਅਤੇ ਐੜੇ ਦੀ ਗਲ ਬਾਤ 24 ਦਸੰਬਰ ਨੂੰ ਹੋਵੇਗੀ। ਸਾਰੇ ਮਾਮਲਿਆਂ ਤੇ ਸੋਚ ਵਿਚਾਰ ਹੋਵੇਗੀ।
(ਇਕ ਪਾਸੇ ਤੋਂ ਐੜਾ ਅਤੇ ਦੂਜੇ ਪਾਸੇ ਤੋਂ ਦੱਦਾ ਮੰਚ ਤੇ ਆਂਦੇ ਹਨ)

ਦ—ਅਸੀਂ ਐੜੇ ਨਾਲ ਬਿਨਾਂ ਕੋਈ ਸ਼ਰਤ ਗਲਬਾਤ ਕਰਨ ਲਈ ਤਿਆਰ ਹਾਂ ।

ਅ—ਅਸੀਂ ਦੱਦੇ ਨਾਲ ਬਿਨਾਂ ਕੋਈ ਸ਼ਰਤ ਗਲਬਾਤ ਕਰਨ ਲਈ ਤਿਆਰ ਹਾਂ ।

ਸ਼—ਐੜਾ ਜੀ ਜਿਹੜੀ ਝਬਾਲ ਅਤੇ ਦਸੂਹੇ ਦੇ ਗੋਲੀਕਾਂਡ ਦੀ ਅਦਾਲਤੀ ਜਾਂਚ ਦੀ ਮੰਗ ਸੀ, ਉਹਦਾ ਕੀ ਬਣਿਆ ?

ਅ—ਉਹਦਾ ਕੀ ਬਣਨਾਂ ਸੀ, ਜੋ ਬਣ ਗਿਆ ਥੋੜਾ ਏ ?

ਸ਼—ਕੀ ਬਣ ਗਿਆ ਏ ਐੜਾ ਜੀ, ਜ਼ਰਾ ਦਰਸ਼ਕਾਂ ਨੂੰ ਚਾਨਣ ਪਾ ਦੇਵੋ ।

ਅ—ਦਸੂਹਾ ਅਸੀਂ ਗ੍ਰਿਫਤਾਰੀ ਲਈ ਲਗਾਤਾਰ ਜਥੇ ਭੇਜਦੇ ਰਹੇ ਹਾਂ ।

ਸ਼—ਐੜਾ ਜੀ ਕੀ ਉਹ ਗ੍ਰਿਫਤਾਰ ਹੋਏ ?

ਅ—ਨਹੀਂ ਦੱਦਾ ਬੜਾ ਭੈਣ ਦਾ ਛੁੱਙਣ ਏ, ਉਹਨੇ ਫੜੇ ਹੀ ਨਹੀਂ ।

ਸ਼—ਆਹੋ ਇਹ ਤਾਂ ਦਰਸ਼ਕਾਂ ਨੇ ਅਖਬਾਰਾਂ ਵਿਚ ਵੀ ਵੇਖਿਆ ਸੀ।

ਅ—ਕੀ ਵੇਖਿਆ ਸੀ ?

ਸ਼—ਤੁਹਾਡੇ ਸੱਤ ਮਹਾਂ ਰੱਥੀ ਐਸ. ਡੀ. ਐਮ. ਦੇ ਬੂਹੇ ਅਗੇ ਖੜੇ ਸੀ ਕਿ ਸਾਨੂੰ ਗ੍ਰਿਫਤਾਰ ਕਰੋ । ਐਸ. ਡੀ. ਐਮ. ਅਗੋਂ ਆਰਾਮ ਨਾਲ ਚਾਹ ਪੀ ਰਿਹਾ ਸੀ ਤੇ ਪਰੇ ਪੁਲਸ ਵਾਲੇ ਤਾਸ਼ ਖੇਡ ਰਹੇ ਸਨ ।

ਅ—ਜਮਹੂਰੀਅਤ ਵਿਚ ਇਸ ਤਰ੍ਹਾਂ ਹੀ ਹੁੰਦਾ ਹੈ । ਅਸੀਂ ਕੀ ਕਰ ਸਕਨੇ ਹਾਂ ? ਸਾਡਾ ਜੋ ਫਰਜ਼ ਸੀ, ਉਹ ਅਸੀਂ ਕਰ ਦਿਤਾ, (ਹੱਥ ਢਿੱਲੇ ਛੱਡ ਦੇਂਦਾ ਹੈ)

ਸ਼—ਦੱਦਾ ਜੀ, ਤੁਸੀਂ ਵੀ ਦਰਸ਼ਕਾਂ ਨੂੰ ਕੁਝ ਦਸੋ ।

ਦ—ਅਸੀਂ ਜੋ ਕੁਝ ਦਸਨਾਂ ਸੀ, ਰਾਤ ਟੀ. ਵੀ. ਵਿਚ ਦਸ ਦਿਤਾ ਹੈ। ਹੋਰ ਸਾਡੇ ਕੋਲੋਂ ਕੀ ਭਾਲਦੇ ਹੋ ?

ਸ਼—ਇਹੋ ਹੀ ਕਿ ਤੁਹਾਨੂੰ ਬਸ ਕਿਰਾਇਆ ਵਧਾਉਣ ਦੀ ਕੀ ਲੋੜ ਪਈ ਸੀ ?

ਦ—ਇਹ ਤਾਂ ਐੜੇ ਨੇ ਹੀ ਵਧਾਇਆ ਸੀ ।

ਅ—ਇਹ ਝੂਠ ਏ ।

ਦ—ਇਹ ਸੱਚ ਏ ।

ਅ—ਮੈਂ ਆਪਣੇ ਪੱਖ ਵਿਚ ਸੌ ਸਬੂਤ ਪੇਸ਼ ਕਰ ਸਕਦਾ ਹਾਂ ।

ਦ—ਮੈਂ ਅਪਣੇ ਪੱਖ ਵਿਚ ਕੋਤਰ ਸੌ ਸਬੂਤ ਪੇਸ਼ ਕਰ ਸਕਦਾ ਹਾਂ ।

ਅ—ਓਏ ਦੱਦਿਆ ਤੂੰ ਵਧੀਕੀ ਕਰ ਰਿਹਾ ਏ ।

ਦ—ਮੈਂ ਕੀ ਵਧੀਕੀ ਕੀਤੀ ਏ ?

ਅ—ਅਸੀਂ ਸੌ ਕਹੇ ਨੇ, ਤੂੰ ਕੋਤਰ ਸੌ ਕਹਿ ਦਿਤੇ ਨੇਂ ।
(ਦਰਸ਼ਕਾਂ ਵਿਚ ਹਾਸਾ)

ਸ਼—ਚਲੋ ਇਸ ਵਿਚ ਲੜਾਈ ਕਾਹਦੀ ਏ । ਉਂਞ ਦੱਦਾ 43 ਫੀ ਸਦੀ ਵਾਧਾ ਤਾਂ ਬਹੁਤ ਹੀ ਏ, ਤੁਸੀਂ ਵਾਪਸ ਲੈ ਲਵੋ ।

ਦ—ਵਾਪਸ ਲੈ ਲਈਏ ? ਮਖੌਲ ਏ ਕੋਈ ? ਅਸੀਂ ਸਰਕਾਰ ਕਿਸ ਤਰ੍ਹਾਂ ਚਲਾਵਾਂਗੇ ? (ਐੜੇ ਵਲ ਇਸ਼ਾਰਾ ਕਰਕੇ) ਇਹਨਾਂ ਮੋਹਤਬਰਾਂ ਢਾਈ ਸਾਲ ਹਕੂਮਤ ਕੀ ਚਲਾਈ ਏ, ਖਜ਼ਾਨਾਂ ਹੀ ਖਾਲੀ ਕਰ ਦਿਤਾ ਏ । ਅਸੀਂ ਵਧਿਆ ਕਿਰਾਯਾ ਵਾਪਸ ਨਹੀਂ ਲਵਾਂਗੇ ।

ਅ—ਇਹਦੇ ਵਡੇ ਵੀ ਵਾਪਸ ਲੈਣਗੇ ।

ਦ—ਵੇਖ ਲਵਾਂਗਾ।

ਅ—ਅਸੀਂ ਵੀ ਵੇਖ ਲਵਾਂਗੇ।

ਸ਼—ਦੱਦਾ ਜੀ ਨੇ ਤੁਸੀਂ ਕਿਰਾਯੇ ਘਟਾਨੇ ਹੀ ਨਹੀਂ, ਤਾਂ ਫੇਰ ਇਹ ਗਲਬਾਤ ਕਾਹਦੀ ਕਰਨੀ ਏ ?

ਦ—ਗਲਬਾਤ ਕਦੋਂ ਕਰਨੀ ਏ, ਗਲਬਾਤ ਲਈ ਸਿਰਫ਼ ਦਰ ਖੋਲ੍ਹਿਆ ਏ।

(ਦਰਸ਼ਕਾਂ ਵਿਚ ਹਾਸਾ—ਫੈਡ ਆਊਟ)

ਸ਼—(ਅਖਬਾਰ ਪੜਦੇ ਹੋਏ) ਅਜ ਦੀ ਤਾਜ਼ਾ ਖਬਰ। 24 ਦਸੰਬਰ ਗਲਬਾਤ ਨਹੀਂ ਹੋ ਸਕੀ। ਇਕ ਵਿਧਾਇਕ ਦੀ ਅਚਾਨਕ ਮੌਤ ਹੋ ਗਈ ਏ। ਮੌਤ ਦਾ ਕਾਰਨ ਅਮ੍ਰਿਤਸਰ ਦੇ ਹਸਪਤਾਲ ਵਿਚੋਂ ਜ਼ਹਿਰ ਚੜ੍ਹ ਜਾਣਾ ਸੀ। ਦਰਸ਼ਕਾਂ ਦੀ ਜਾਣਕਾਰੀ ਲਈ ਦਸ ਦਈਏ ਕਿ ਹਸਪਤਾਲ ਵਿਚ ਜ਼ਹਿਰ ਚੜ੍ਹ ਜਾਣ ਦੀਆਂ ਰੋਜ਼ ਹੀ ਘਟਨਾਵਾਂ ਹੁੰਦੀਆਂ ਹਨ ਪਰ ਇਹ ਪਹਿਲੀਵਾਰ ਏ ਕਿ ਇਕ ਵਿਧਾਇਕ ਨੂੰ ਵੀ ਜ਼ਹਿਰ ਚੜ੍ਹ ਗਿਆ ਹੈ। ਐੜੇ ਅਤੇ ਦੱਦੇ ਨੂੰ ਬੜੀ ਤਸ਼ਵੀਸ਼ ਹੋਈ ਹੈ ਅਤੇ ਉਮੀਦ ਹੈ ਇਹਦੇ ਬਾਰੇ ਪਹਿਲੇ ਵਿਭਾਗੀ ਜਾਂਚ ਅਤੇ ਫੇਰ ਅਦਾਲਤੀ ਜਾਂਚ ਜ਼ਰੂਰ ਹੋਵੇਗੀ, ਐੜੇ ਅਤੇ ਦੱਦੇ ਦੋਨਾਂ ਨੇ ਵਿਧਾਇਕ ਦੇ ਸਸਕਾਰ ਤੇ ਜਾਣਾ ਹੈ ਇਸ ਲਈ ਗਲਬਾਤ 24 ਦਸੰਬਰ ਨੂੰ ਨਹੀਂ ਹੋਵੇਗੀ। ਤੁਸੀਂ ਕਵੋਗੇ ਜੇਕਰ ਸਸਕਾਰ ਤੇ ਐੜਾ ਵੀ ਹਾਜ਼ਰ ਸੀ ਤੇ ਦੱਦਾ ਵੀ ਹਾਜ਼ਰ ਸੀ ਤੇ ਇਹ ਗਲਬਾਤ ਮਰਹੂਮ ਵਿਧਾਇਕ ਦੇ ਸ਼ਹਿਰ ਵਿਚ ਕਿਸੇ ਰੈਸਟ ਹਾਊਸ ਵਿਚ ਸ਼ਾਮ ਜਾਂ ਰਾਤ ਹੋ ਸਕਦੀ ਸੀ, ਪਰ ਤੁਸੀਂ ਸਵਾਲ ਕਰਨ ਵਾਲੇ ਭੋਲੇ ਹੋ। ਭਲਾ ਏਡੀ ਮਹੱਤਵਪੂਰਨ ਗਲਬਾਤ ਇਸ ਤਰ੍ਹਾਂ ਕਿਸ ਤਰ੍ਹਾਂ ਹੋ ਸਕਦੀ ਸੀ ? ਬਰਹਾਲ ਦੱਦਾ ਜੀ ਅਤੇ ਐੜਾ ਜੀ ਆਉਂਦੇ ਪਏ ਨੇ, ਇਹਨਾਂ ਕੋਲੋਂ ਹੀ ਪੁਛ ਲੈਨੇ ਹਾਂ।...ਐੜਾ ਜੀ, ਹੁਣ ਤੁਹਾਡੀ ਗਲਬਾਤ ਕਦੋਂ ਹੋਣੀ ਏ ?

ਅ—ਅਸੀਂ ਤਾਂ ਕਲ 25 ਦਸੰਬਰ ਲਈ ਤਿਆਰ ਹਾਂ, ਪਰ ਇਹ ਦੱਦਾ ਚਿੱਟ ਪਗੜੀਆ ਮੰਨਦਾ ਹੀ ਨਹੀਂ।

ਸ਼—ਕਿਉਂ ?

ਅ—ਅਖੇ ਮੇਰੀ ਉਸਨੇਂ ਆਉਣਾ ਏ ਤੇ ਮੈਂ ਉਹਦੇ ਸੁਆਗਤ ਦੀ ਤਿਆਰੀ ਕਰਨੀ ਏ।

ਸ਼—ਫੇਰ ਤਾਂ ਗਲਬਾਤ ਉਦੋਂ ਹੀ ਹੋਵੇਗੀ, ਜਦੋਂ ਉਹਦੀ ਉਹ ਚਲੀ ਜਾਏਗੀ।

ਅ—ਹੁਣ ਕੀ ਹੋਣੀ ਏ ? ਹੁਣ ਤਾਂ ਅਸੀਂ 2 ਜਨਵਰੀ ਜੇਲ੍ਹਾਂ ਭਰ ਦੇਣੀਆਂ ਨੇਂ, ਫੇਰ ਤਾਏ ਸਾਡੇ ਨੂੰ ਪਤਾ ਲਗੇਗਾ ਕਿ ਅਸੀਂ ਕੀ ਹਾਂ ?

ਸ਼—ਐੜਾ ਜੀ, ਜ਼ਰਾ ਦਰਸ਼ਕਾਂ ਨੂੰ ਦਸ ਦੇਵੋ ਕਿ ਤੁਸੀਂ ਹੋ ਕੀ ਹੋ ?

ਅ—ਅਸੀਂ ਨੀਲੇ ਪੀਲੇ, ਲਾਲ, ਚਿੱਟੇ......ਸਭ ਕੁਝ ਤਾਂ ਹਾਂ।

ਦ—(ਵਿਚੋਂ ਹੀ) ਜਾਣ ਦਿਓ, ਇਹ ਕੁਝ ਵੀ ਨਹੀਂ ਜੇ।

ਅ—ਇਹ ਤਾਂ 2 ਦਸੰਬਰ ਹੀ ਦਸੇਗਾ ਜਦੋਂ ਅਸੀਂ ਇਕ ਲੱਖ ਜੇਲਾਂ ਦੇ ਅੰਦਰ ਹੋਵਾਂਗੇ।

ਸ਼—ਅਛਾ ਇਕੱਠੇ ਹੀ ਇਕ ਲੱਖ ?

ਅ—ਤੇ ਹੋਰ ਕੀ ?

ਸ਼—ਅਛਾ ਫੇਰ ਤਾਂ ਤੁਸੀਂ ਬੜੀ ਸ਼ੈਅ ਹੋ ?

ਅ—ਤੇ ਹੋਰ ਕੋਈ ਮਖੌਲ ਏ ?

(ਮੁੱਛਾਂ ਨੂੰ ਤਾਅ ਦੇਂਦਾ ਹੈ)

(ਦੱਦਾ ਜਾਣ ਲਗਦਾ ਹੈ)

ਸ਼—ਇਹ ਦੱਦਾ ਜੀ ਮਹਾਰਾਜ, ਜ਼ਰਾ ਠਹਿਰੋ। ਮੰਨਿਆ ਤੁਸੀਂ ਮੁੱਖ ਮੰਤਰੀ ਹੋ, ਪਰ ਇਕ ਮਿੰਟ ਸਾਡੀ ਗੱਲ ਤਾਂ ਸੁਣ ਲਵੋ।

ਦ—ਮੈਨੂੰ ਵਿਹਲ ਨਹੀਂ...ਉਹਨਾਂ ਨੇ ਆਉਣਾ ਏ, ਇਕੋ ਦਿਨ ਚੰਡੀਗੜ੍ਹ, ਰੰਜੀਤਗੜ੍ਹ, ਗੋਬਿੰਦਗੜ੍ਹ ਤੇ ਸਾਰੇ ਹੀ ਗੜ੍ਹ ਉਹਨਾਂ ਨੇ ਜਾਣਾ ਏ।

ਸ਼—ਫੇਰ ਤੁਸੀਂ ਕੀ ਕਰਨਾਂ ਏ ?

ਦ—ਬੰਦੇ ਢੋਅਣ ਲਈ ਟਰੱਕਾਂ ਦਾ ਬੰਦੋਬਸਤ ਕਰਨਾਂ ਏ ਥੋੜਾ ਕੰਮ ਏ ? (ਜਾਣ ਲਗਦਾ ਹੈ)

ਸ਼—ਲੈ ਤੁਸੀਂ ਤਾਂ ਚਲੇ ਹੀ ਚਲੇ ਹੋ। ਗਲਬਾਤ ਕਦੋਂ ਕਰੋਗੇ ?

ਦ—30 ਸਾਲ ਬਾਅਦ ਜਦੋਂ ਮਰਜ਼ੀ ਕਰ ਲੈਣਾ।

(ਜਾਂਦਾ ਹੈ)

ਅ—30 ਤੋਂ ਬਾਅਦ ਤਾਂ ਸਾਨੂੰ ਜੂੰ ਕਢਣ ਦਾ ਵੀ ਵੇਹਲ ਨਹੀਂ ਹੋਣਾ। ਅੰਦੋਲਨ ਦੀ ਤਿਆਰੀ ਕਰਨੀ ਏ ਥੋੜ੍ਹੀ ਗੱਲ ਏ।

ਦਰਸ਼ਕਾਂ ਵਿਚੋਂ ਇਕ—ਉਹ ਤਾਂ ਹੁਣ ਤੁਸੀਂ ਜੇਲ੍ਹਾਂ ਵਿਚ ਹੀ ਕਢੋਗੇ।

(ਬਾਕੀ ਦਰਸ਼ਕਾਂ ਦਾ ਹਾਸਾ ਤੇ ਫੇਡ ਆਊਟ)

ਸ਼—(ਅਖਬਾਰ ਪੜ੍ਹਦੇ ਹੋਏ) ਅਜ 3 ਜਨਵਰੀ ਹੈ, ਕਲ ਐੜਾ ਵਲੋਂ ਜੇਲ੍ਹ ਭਰੋ ਅੰਦੋਲਨ ਹੋਇਆ। ਦਦਾ ਅਤੇ ਉਹਦੀ ਪੁਲਸ ਨੇ ਤਸੱਲੀ ਜ਼ਾਹਰ ਕੀਤੀ ਹੈ ਕਿ ਪ੍ਰਾਂਤ ਵਿਚ ਕੋਈ ਵੀ ਨਾ ਖੁਸ਼ਗਵਾਰ ਘੱਟਨਾ ਨਹੀਂ ਹੋਈ।

(ਐੜਾ ਬਲੇ ਬਲੇ ਕਰਦਾ ਮੰਚ ਤੇ ਆਂਦਾ ਹੈ)

ਸ਼—ਕੀ ਗੱਲ ਏ ਐੜਾ ਜੀ, ਬੜੀਆਂ ਚੜ੍ਹਦੀਆਂ ਕਲਾਂ ਵਿਚ ਹੋ ?

ਅ—ਪੁੱਛੋ ਹੀ ਨਾਂ। ਬਸ ਜੇਲ੍ਹ ਭਰੋ ਅੰਦੋਲਨ ਦੀ ਸਫਲਤਾ ਸਾਡੇ ਕੋਲੋਂ ਸਾਂਭਿਆ ਨਹੀਂ ਪਈ ਸਾਂਭੀ ਜਾਂਦੀ।

ਸ਼—ਅਛਾ ਫੇਰ ਤੁਸੀਂ ਜੇਲਾਂ ਭਰ ਦਿਤੀਆਂ ?

ਅ—ਲੋੜ ਹੀ ਨਹੀਂ ਪਈ। ਦਦੇ ਦੇ ਯਰਕਾਹਟ ਨਿਕਲ

ਗਏ ਕੇ। (ਦਦਾ ਹੱਸਦਾ ਆਉਂਦਾ ਹੈ)

ਸ਼—ਦਦਾ ਜੀ ਤੁਸੀਂ ਕਿਉਂ ਹੱਸਦੇ ਹੋ ?

ਦ—ਇਹਦੀ ਮੂਰਖਤਾ ਤੇ।

ਅ—ਹੱਸ ਲਵੇ, ਇਹਨੂੰ ਪਤਾ ਉਸ ਵੇਲੇ ਲਗਨਾਂ ਏ, ਜਦੋਂ ਅਸੀਂ 21 ਤ੍ਰੀਖ ਅਸੈਂਬਲੀ ਵੀ ਘੇਰ ਲੈਣੀ ਏ, ਵਜ਼ੀਰ ਵੀ ਘੇਰ ਲੈਣੇ ਨੇ, ਅਸੈਂਬਲੀ ਮੈਂਬਰ ਵੀ ਘੇਰ ਲੈਣੇ ਨੇਂ।

ਸ਼—ਘੇਰ ਕੇ ਕੀ ਕਰੋਗੇ ?

ਅ—ਕਰਨਾਂ ਕੀ ਏ ? ਬਸ ਘੇਰ ਲਵਾਂਗੇ।

ਸ਼—ਫੇਰ ਕੀ ਹੋਏਗਾ ?

ਅ—ਜੋ ਅਗੇ ਹੋਇਆ ਏ।

ਸ਼—ਅਗੇ ਕੀ ਹੋਇਆ ਏ।

ਅ—ਜੋ ਹੁਣ ਹੋਏਗਾ।

(ਦਰਸ਼ਕ ਹੱਸਦੇ ਹਨ)

ਅ—ਇਹ ਹੱਸਦੇ ਕਿਉਂ ਨੇ ?

ਦਰਸ਼ਕਾਂ ਵਿਚੋਂ ਇਕ—ਨਾਂ ਅਗੇ ਕੁਝ ਹੋਇਆ ਏ—ਨਾਂ ਹੁਣ ਹੋਏਗਾ।

ਦ—ਠੀਕ ਕਹਿੰਦਾ ਏ—ਬਰਹਾਲ ਮੇਰਾ ਦਰ ਹਾਲੀ ਵੀ ਖੁਲ੍ਹਿਆ ਏ।

ਅ—ਸਾਡਾ ਵੀ ਖੁਲ੍ਹਿਆ ਏ।

ਸ਼—ਤੁਹਾਡਾ ਕੀ ਖੁਲ੍ਹਿਆ ਏ ?

ਅ—ਜੋ ਇਸਦਾ ਖੁਲ੍ਹਿਆ ਏ।

(ਦਰਸ਼ਕ ਹੱਸਦੇ ਹਨ। ਸ਼ਸ਼ਾ ਗੱਲ ਸਾਂਭਦਾ ਹੈ, ਉਹ ਜਾਣਦਾ ਹੈ ਕਿ ਭਾਵੇਂ ਇਸ ਹਮਾਰੀ ਵਿਚ ਸਥਿਤੀ ਦੋਵਾਂ ਦੀ ਇਕੋ ਹੈ, ਪਰ ਨਾਟਕ ਤਹਿਜ਼ੀਬ ਦੀਆਂ ਹੱਦਾਂ ਤੋਂ ਬਾਹਰ ਨਹੀਂ ਜਾਣਾ ਚਾਹੀਦਾ ਉਹ ਇਕ ਦਮ ਬੋਲਦਾ ਹੈ)

ਸ਼—ਇਹਦਾ ਤਾਂ ਮੂੰਹ ਖੁਲ੍ਹਿਆ ਏ ਗਲਬਾਤ ਲਈ।

ਅ—ਸਾਡਾ ਵੀ ਮੂੰਹ ਖੁਲ੍ਹਿਆ ਏ ਗਲਬਾਤ ਲਈ।

ਜ—ਸਾਡਾ ਵੀ ਮੂੰਹ ਖੁਲ੍ਹਿਆ ਏ ਗਲਬਾਤ ਲਈ।

(ਦੱਦਾ ਤੇ ਐੜਾ ਦੇ ਮੂੰਹ ਖੁਲ੍ਹੇ ਹੋਏ ਹਨ ਜਦੋਂ ਨਾਟਕ ਸਟਿਲ ਹੋ ਜਾਂਦਾ ਹੈ)

ਸ਼—(ਅਗੇ ਆ ਕੇ) ਦਰਸ਼ਕੋ ਅਜ ਦਾ ਨਾਟਕ ਇਥੇ ਖਤਮ ਹੁੰਦਾ ਹੈ। ਇਸ ਦੇਸ਼ ਵਿਚ ਹਾਲੇ ਹਰ ਇਕ ਨਾਟਕ ਦਾ ਅੰਤ ਹੀ ਇਹੋ ਏ। ਮੂੰਹ ਖੁਲ੍ਹਦੇ ਨੇ ਤੇ ਖੁਲ੍ਹੇ ਹੀ ਰਹਿੰਦੇ ਨੇ। ਮਸਲਾ ਉਥੇ ਹੀ ਰਹਿੰਦਾ ਹੈ ਤੇ ਗਲਬਾਤ ਦਾ ਗੇੜ ਚਲਦਾ ਰਹਿੰਦਾ ਹੈ। ਪਰ ਮਾਯੂਸ ਨਾਂ ਹੋਵੋ ਇਹ ਨਾਟਕ ਕੋਈ ਆਖਰੀ ਨਾਟਕ ਨਹੀਂ। ਇਸ ਨਾਟਕ ਦੀ ਕੁੱਖ ਵਿਚੋਂ ਹੀ ਇਕ ਹੋਰ ਨਾਟਕ ਨੇ ਜਨਮ ਲੈਣਾ ਹੈ ਜਦੋਂ ਇਹ ਗਲਬਾਤ ਇਕ ਫੈਸਲਾਕੁਨ ਗੁਫਤਗੂ ਦਾ ਰੂਪ ਲਵੇਗੀ ਤੇ ਦਸ਼ਾਂ ਦਾ ਇਤਿਹਾਸ ਦਸਦਾ ਹੈ ਕਿ ਉਹ ਨਾਟਕ ਹਮੇਸ਼ਾਂ ਸੜਕ ਦੇ ਰੰਗ ਮੰਚ ਤੇ ਖੇਡਿਆ ਜਾਂਦਾ ਹੈ। ਇਸ ਨਾਟਕ ਦੀ ਤੁਹਾਨੂੰ ਵੀ ਉਡੀਕ ਹੈ ਤੇ ਮੈਨੂੰ ਵੀ ਉਡੀਕ ਹੈ ! ਇਸਦੀ ਰੀਹਰਸਲ ਬੜੇ ਜ਼ੋਰਾਂ ਸ਼ੋਰਾਂ ਨਾਲ ਹੋ ਰਹੀ ਹੈ।

## 4. ਕੁਝ ਟਿਪਣੀਆਂ

—ਬਲਵੰਤ ਰਾਏ ਤਿਆਲ ਜਿਹੜਾ ਹਰਿਯਾਨਾ ਦਾ ਸ਼ਰਾਬ ਮੰਤਰੀ ਸੀ, ਉਸਨੇ ਨਿਰਵਾਨਾ ਜ਼ਹਿਰੀਲੀ ਸ਼ਰਾਬ ਦੇ ਕੇਸ ਵਿਚ ਅਸਤੀਫਾ ਦੇ ਦਿਤਾ ਹੈ। ਉਹ ਚਾਹੁੰਦਾ ਸੀ ਕਿ ਜ਼ਹਿਰੀਲੀ ਸ਼ਰਾਬ ਨਾਲ ਏਨੀਆਂ ਮੌਤਾਂ ਹੋਣ ਦੇ ਕਾਰਨ ਸਾਰੀ ਗੱਲ ਦੀ ਅਦਾਲਤੀ ਪੜਤਾਲ ਹੋਣੀ ਚਾਹੀਦੀ ਹੈ ਤਾਂ ਜੋ ਅਸਲੀਅਤ ਸੱਚ ਬਾਹਰ ਆ ਸਕੇ। ਭਜਨ ਲਾਲ ਇਹ ਮੰਗ ਮੰਨਣ ਲਈ ਤਿਆਰ ਨਹੀਂ। ਜੇ ਸੱਚ ਬਾਹਰ ਆ ਗਿਆ ਤਾਂ ਅੰਦਰ ਕੀ ਰਹੇਗਾ ? ਅੰਦਰ ਤਾਂ ਅੱਗੇ ਹੀ ਲੁਗ ਏ। ਕੰਬਲਾਂ ਵਿਚ ਸੁੱਕੜੇ ਲੋਕਾਂ ਨੇ ਇਹ ਖਬਰ ਪੜ੍ਹੀ। ਕੁਝ ਗਰਮਾ-ਗਰਮ ਬਹਿਸ ਵੀ ਕੀਤੀ। ਕੁਝ ਦੇਰ ਲਈ ਉਹਨਾਂ ਨੇ ਕੰਬਲ ਲਾਉਣੇ ਵੀ ਚਾਹੇ ਪਰ ਫੇਰ ਕੰਬਲਾਂ ਵਿਚ ਹੀ ਸੁਕੜ ਗਏ।

—ਪੰਜਾਬ ਦੀਆਂ ਤਿੰਨਾਂ ਵੱਡੀਆਂ ਵਿਰੋਧੀ ਪਾਰਟੀਆਂ ਦੇ ਇਕ ਨੁਮਾਇੰਦੇ ਨੇ 2 ਜਨਵਰੀ ਦੇ ਜੇਲ੍ਹ ਭਰੋ ਦੇ ਅੰਦੋਲਨ ਦੀ ਕਾਮਯਾਬੀ ਤੇ ਲੋਕਾਂ ਨੂੰ ਵਧਾਈ ਦਿਤੀ ਹੈ। ਇਹ ਅੰਦੋਲਨ ਏਨਾਂ ਕਾਮਯਾਬ ਸੀ ਕਿ ਇਕ ਵੀ ਵਿਅਕਤੀ ਜੇਲ੍ਹ ਵਿੱਚ ਜਾਣ ਵਿਚ ਕਾਮਯਾਬ ਨਹੀਂ ਹੋਇਆ। ਨੁਮਾਇੰਦੇ ਨੇ ਅਗੋਂ ਕਿਹਾ, "ਅਸੀਂ ਬਸਾਂ ਦੇ ਘੇਰਾਓ ਕਰਨ ਤੋਂ ਪ੍ਰਹੇਜ਼ ਕੀਤਾ ਹੈ ਤਾਂ ਜੋ ਆਮ ਲੋਕਾਂ ਨੂੰ ਤਕਲੀਫ ਨਾਂ ਹੋਏ—ਅਸੀਂ ਅਪਣੇ ਆਪ ਨੂੰ ਉਹਨਾਂ ਅਨਸਰਾਂ ਤੋਂ ਨਿਖੇੜਿਆ ਹੈ, ਜਿਹੜੇ ਬਸਾਂ ਦਾ ਘੇਰਾਓ ਕਰਦੇ ਸਨ"—ਉਂਝ ਇਹ ਗੱਲ ਸਾਨੂੰ 11 ਨਵੰਬਰ ਤੇ 14 ਨਵੰਬਰ ਨੂੰ ਨਹੀਂ ਸੀ ਪਤਾ ਜਦੋਂ ਅਸੀਂ ਇਹ ਘੇਰਾਓ ਕਰਨ ਵਿਚ ਪਹਿਲਕੱਦਮੀ ਕੀਤੀ ਸੀ।

—ਹਕੂਮਤੀ ਪਾਰਟੀ ਦੀ ਆਲਇੰਡੀਆ ਕਾਂਗਰਸ ਕਮੇਟੀ ਦਾ ਇਜਲਾਜ ਹੋਇਆ ਹੈ। ਇਸ ਇਜਲਾਸ ਵਿਚ ਮੈਂਬਰ ਜੋ ਬੋਲੇ ਹਨ, ਉਹਦੇ ਤੋਂ ਸਪੱਸ਼ਟ ਹੋ ਗਿਆ ਹੈ।

* ਜਿਹੜੇ ਦੇਸ਼ ਨੂੰ ਦਰਪੇਸ਼ ਮਸਲੇ ਹਨ, ਇਹ ਬੜੇ ਵਡੇ ਮਸਲੇ ਹਨ। ਸਾਡੇ ਕੋਲ ਇਹਨਾਂ ਦਾ ਕੋਈ ਹਲ ਨਹੀਂ। ਜੇ ਸਾਡੇ ਕੋਲ ਨਹੀਂ ਤਾਂ ਹੋਰ ਵੀ ਕਿਸੇ ਕੋਲ ਨਹੀਂ। ਇਸ ਲਈ ਸਰਕਾਰ ਸਾਡੀ ਹੀ ਚਾਹੀਦੀ ਹੈ।

* ਦੇਸ਼ ਦੀ ਆਰਥਕਤਾ ਬੜੀ ਚੰਗੀ ਪਈ ਚਲਦੀ ਸੀ ਪਰ ਤਿੰਨ ਸਾਲਾਂ ਦੇ ਜੰਤਾ ਰਾਜ ਨੇ ਸਾਰਾ ਕੁਝ ਦਰਹਮ ਬਰਹਮ ਕਰ ਦਿਤਾ ਹੈ। ਮੁੜ ਉਸਾਰੀ ਲਈ ਬੜੇ ਸਾਲ ਲੱਗਣਗੇ। ਫਿਲਹਾਲ ਅਸੀਂ ਕੁਝ ਨਹੀਂ ਕਰ ਸਕਦੇ ਸਿਵਾਏ ਇਸਦੇ ਕਿ ਇਹ ਕਹੀਏ ਕਿ ਦੇਸ਼ ਦੀ ਨੇਤਾ ਇੰਦਰਾ ਗਾਂਧੀ ਹੈ।
* ਐਮਰਜੈਂਸੀ ਦਾ ਰਾਜ ਡਿਸਪਲਿਨ ਦਾ ਰਾਜ ਸੀ। ਦੇਸ਼ ਨੂੰ ਡਿਸਪਲਿਨ ਤੇ ਹੋਰ ਡਿਸਪਲਿਨ ਚਾਹੀਦਾ ਹੈ, ਤੇ ਸਾਨੂੰ ਐਮਰਜੈਂਸੀ ਤੇ ਹੋਰ ਐਮਰਜੈਂਸੀ ਚਾਹੀਦੀ ਹੈ।
* ਇਹ ਜਿਹੜਾ ਵਿਧਾਨ 30 ਸਾਲ ਪਹਿਲਾਂ ਸਾਡੇ ਹੀ ਬਜ਼ੁਰਗਾਂ ਨੇ ਬਣਾਇਆ ਸੀ, ਇਸ ਵਿਚ ਬੁਨਿਆਦੀ ਹੱਕਾਂ ਬਾਰੇ ਐਵੇਂ ਫਜ਼ੂਲ ਵਾਧੂ ਦੀਆਂ ਗੱਲਾਂ ਲਿਖੀਆਂ ਹਨ। ਇਹ ਇਕ ਸਿਰੇ ਤੋਂ ਬਦਲੀ ਦੀ ਮੰਗ ਕਰਦਾ ਹੈ। ਅਮਰੀਕਾ ਵਾਂਗ ਇਥੇ ਵੀ ਪ੍ਰਧਾਨ ਰਾਜ ਹੋਣਾ ਚਾਹੀਦਾ ਹੈ।
* ਪਾਰਲੀਮੈਂਟ ਵਿਚ ਬਹਿਸ ਵਿਚ ਬੜਾ ਵਕਤ ਜ਼ਾਇਆ ਹੁੰਦਾ ਹੈ। ਇਹਦਾ ਸੈਸ਼ਨ ਨਹੀਂ ਹੋਣਾ ਚਾਹੀਦਾ। ਇਸ ਸੁਝਾਅ ਤੇ ਥੋੜੀ ਬੁੜ ਬੁੜ ਹੋਈ। ਸਿਆਸਤਦਾਨਾ ਕੋਲੋਂ ਇਹ ਫੋਰਮ ਨਹੀਂ ਖੁਸਣਾ ਚਾਹੀਦਾ। ਜੇ ਇਸ ਤਰ੍ਹਾਂ ਹੋਇਆ ਤਾਂ ਹੋਮ-ਮਨਿਸਟਰ ਨੇ ਜਿਹੜੇ ਏਨੇ ਸ਼ੇਅਰ ਯਾਦ ਕੀਤੇ ਹਨ, ਉਹ ਕਿਥੇ ਸੁਣਾਵੇਗਾ?
* ਇਕ ਸਾਧਾਰਨ ਮੈਂਬਰ ਨੇ ਲੋਕਾਂ ਵਲੋਂ ਗੱਲ ਕੀਤੀ, 'ਇਸ ਦੇਸ਼ ਦਾ ਕੀ ਬਣੇਗਾ?' ਜਵਾਬ ਸੀ ਜੋ ਅੱਗੇ ਬਣਿਆ ਹੈ। ਖਬਰ ਹੈ ਜਵਾਬ ਸੁਣਕੇ ਸਾਰੇ ਮੈਂਬਰ ਨੇ ਢੀਠਾਂ ਵਾਂਗ ਹੱਸਣਾ ਸ਼ੁਰੂ ਕਰ ਦਿਤਾ ਸੀ।

— ਆਂਧਰਾ ਦੇ ਮੁੱਖ ਮੰਤਰੀ ਨੇ ਹਰਿਆਣਾ ਦੇ ਮੁਖ ਮੰਤਰੀ ਨੂੰ ਉਹਦੀਆਂ ਤਕਲੀਫਾਂ ਦਾ ਹਲ ਦਸ ਦਿਤਾ ਹੈ। ਉਸਨੇ ਆਪਣੀ ਕੁਰਸੀ ਨੂੰ ਪੱਕਿਆਂ ਕਰਨ ਲਈ ਕਾਂਗਰਸ ਦੇ ਸਾਰੇ ਅਸੈਂਬਲੀ ਮੈਂਬਰਾਂ ਲਈ ਕੋਈ ਨਾ ਕੋਈ ਅਹੁਦਾ ਲੱਭ ਲਿਆ ਹੈ। ਸਤਾਠਾਂ ਨੂੰ ਤਾਂ ਸਿਧਾ ਆਪਣੇ ਮੰਤਰੀ ਮੰਡਲ ਵਿਚ ਹੀ ਸ਼ਾਮਿਲ ਕਰ ਲਿਆ ਹੈ। ਸਤਾਠ ਮਹਿਕਮੇਂ ਚੁਣਨੇ ਮੁਸ਼ਕਿਲ ਨਹੀਂ। ਇਕ ਵੱਡਾ ਮਹਿਕਮਾਂ ਖੇਡਾਂ ਦਾ, ਛੋਟੇ ਮਹਿਕਮੇਂ ਹਾਕੀ ਦੇ, ਫੁਟਬਾਲ ਦੇ, ਕਬੱਡੀ ਦੇ। ਇਕ ਵੱਡਾ ਮਹਿਕਮਾਂ ਪੜ੍ਹਾਈ ਦਾ, ਪ੍ਰਾਇਮਰੀ, ਮਿਡਲ, ਹਾਈ, ਕਾਲਜ, ਯੂਨੀਵਰਸਿਟੀ। ਇਕ ਮਹਿਕਮਾਂ ਤੇਲ ਦਾ, ਇਕ ਮਹਿਕਮਾਂ ਸੀਮੈਂਟ ਦਾ, ਇਕ ਮਹਿਕਮਾਂ ਖਾਦ ਦਾ, ਇਕ ਮਹਿਕਮਾਂ ਬਿਜਲੀ ਦਾ ... ਲੋਕਾਂ ਨੂੰ ਇਹਨਾਂ ਚੀਜ਼ਾਂ ਦੀ ਤਕਲੀਫ ਹੀ ਬੜੀ ਹੈ। ਸਤਾਠਾਂ ਤੋਂ ਇਲਾਵਾ ਇਕ ਸੌ ਤੋਂ ਵੱਧ ਮੈਂਬਰਾਂ ਲਈ ਉਹਨੇ ਵੱਖ ਵੱਖ ਕਾਰਪੋਰੇਸ਼ਨਾਂ ਦੀ ਚੇਅਰਮੈਨੀ ਰਾਖਵੀਂ ਕਰ ਲਈ ਹੈ। ਉਹਨੂੰ ਨੂੰ ਘਬਰਾਉਣ ਦੀ ਲੋੜ ਨਹੀਂ। ਉਹਨਾਂ ਦਾ ਰੈਂਕ ਵੀ ਮੰਤਰੀ ਜਿਨਾਂ ਹੀ ਹੋਵੇਗਾ। ਝੰਡੀ ਵਾਲੀ ਕਾਰ ਵੀ ਮਿਲੇਗੀ ਤੇ ਹੋਰ ਵੀ ਸਹੂਲਤਾਂ। ਇਹ ਸਾਰਾ ਖਰਚ ਆਂਧਰਾ ਦੇ ਲੋਕਾਂ ਤੇ ਪੈਣਾ ਹੈ। ਕਿਉਂਕਿ ਇਹ ਸਟੇਟ ਖੁਸ਼ਹਾਲ ਸਟੇਟ ਹੈ। ਇਸ ਵਿਚ ਕੇਵਲ 53 ਫੀ ਸਦੀ ਲੋਕ ਭੁੱਖ ਮਰੀ ਦੇ ਪੱਧਰ ਥੱਲੇ ਹਨ, ਜਦ ਕਿ ਬਿਹਾਰ ਵਿਚ 69 ਫੀ ਸਦੀ ਹਨ। ਖਬਰ ਹੈ ਹਰਿਆਨਾਂ ਦੇ ਮੁਖ ਮੰਤਰੀ ਨੇ ਆਂਧਰਾ ਦੇ ਮੁਖ ਮੰਤਰੀ ਦੀ ਅਗਵਾਈ ਧੰਨਵਾਦ ਸਹਿਤ ਮੰਨ ਲਈ ਹੈ।

— 3 ਜਨਵਰੀ 1981 ਵਾਲੀ ਅਜੀਤ ਵਿਚ ਇਕ ਦਿਲਚਸਪ ਐਡੀਟੋਰੀਅਲ 'ਜਮਹੂਰੀਅਤ ਲਈ ਸਿਹਤ ਮੰਦ ਰਵਾਇਤਾਂ" ਦੇ ਸਿਰਲੇਖ ਥੱਲੇ ਆਇਆ ਹੈ। ਇਸ ਵਿਚ ਵਿਰੋਧੀ ਪਾਰਟੀਆਂ ਵਲੋਂ 2 ਜਨਵਰੀ ਦੇ ਜੇਲ ਭਰੋ ਅੰਦੋਲਨ ਦੀ ਟਿਪਣੀ ਕਰਦਿਆਂ ਹੋਇਆਂ ਸੰਪਾਦਕ ਨੇ ਕਿਹਾ ਹੈ, ਕਿ ਇਹ ਹੈ ਅਸਲੀ ਅੰਦੋਲਨ। ਨਾਂ ਕੋਈ ਅੰਦੋਲਨਕਾਰੀ ਨੂੰ ਜ਼ਰਬ ਆਵੇ ਤੇ ਨਾਂ ਹੀ ਕੋਈ ਪੁਲਸ ਨੂੰ ਕੋਈ ਪਰੇਸ਼ਾਨੀ ਆਵੇ। ਇਸ ਸਬੰਧ ਵਿਚ ਐਡੀਟੋਰੀਅਲ ਵਿਚ ਹੋਸ਼ਿਆਰ ਪੁਰ ਤੋਂ ਆਈ ਇਕ ਖਬਰ ਦਾ ਵੇਰਵਾ ਦਿਤਾ ਗਿਆ ਹੈ ਜੋ ਐਡੀਟੋਰੀਅਲ ਅਨੁਸਾਰ ਭਵਿਖ ਦੇ ਅੰਦੋਲਨਕਾਰਾਂ ਲਈ ਗਾਈਡ ਹੋ ਸਕਦਾ ਹੈ।

'ਤਿੰਨ ਪਾਰਟੀਆਂ ਦੇ ਸਾਂਝੇ ਮੁਹਾਜ਼ ਦੇ ਜਿਨਾਂ 150 ਅੰਦੋਲਨਕਾਰੀਆਂ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਸੀ, ਉਹਨਾਂ ਨੂੰ ਬੜੇ ਸੋਹਣੇ ਢੰਗ ਨਾਲ ਰਿਹਾ ਕਰ ਦਿਤਾ ਗਿਆ। ਅੰਦੋਲਨਕਾਰੀਆਂ ਨੂੰ ਪੁਲੀਸ ਲਾਈਨਜ਼ ਵਿਚ ਲਿਆਂਦਾ ਗਿਆ, ਜਿਥੇ ਧਾਰਮਕ ਰੀਕਾਰਡ ਪੁਲੀਸ ਦੇ ਗੁਰਦੁਆਰੇ ਵਿਚ ਪਹਿਲਾਂ ਹੀ ਵਜ ਰਹੇ ਸਨ। ਕੀਰਤਨ ਤੋਂ ਪਹਿਲਾਂ ਉਹਨਾਂ ਨੂੰ ਚਾਹ ਛਕਾਈ ਗਈ ਤੇ ਫੇਰ ਕੀਰਤਨ ਸੁਣਨ ਲਈ ਬਿਠਾ ਦਿਤਾ ਗਿਆ। ਪਿਛੋਂ ਅਰਦਾਸ ਕਰਕੇ ਕੜਾਹ ਪ੍ਰਸ਼ਾਦ ਛਕਾਇਆ ਗਿਆ। ਇਸ ਪਿਛੋਂ ਉਹਨਾਂ ਨੂੰ ਆਪੋ ਆਪਣੇ ਘਰ ਜਾਣ ਲਈ ਬੇਨਤੀ ਕਰ ਦਿਤੀ ਗਈ। ਪਿਛੋਂ ਗ੍ਰਿਫਤਾਰ ਹੋਏ ਲੋਕਾਂ ਦੇ ਲੀਡਰਾਂ ਨੇ ਪੁਲਿਸ ਦੇ ਚੰਗੇ ਵਰਤਾਉ ਲਈ ਉਹਨਾਂ ਦਾ ਧੰਨਵਾਦ ਕੀਤਾ।"

— ਕਿਸੇ ਵੇਲੇ ਬੰਸੀ ਲਾਲ ਹਰਿਆਣਾ ਦਾ ਬਾਦਸ਼ਾਹ

ਹੁੰਦਾ ਸੀ। ਹੁਣ ਭਜਨ ਲਾਲ ਹੈ। ਉੱਝ ਦੋਨੋਂ ਅਸਲ ਮੈਨਿਆਂ ਵਿਚ ਗੋਦੜੀ ਦੇ ਲਾਲ ਹਨ। ਅਜ ਕੱਲ ਦੋਨਾਂ ਵਿਚ ਜਿਹੜਾ ਵਾਦ-ਵਿਵਾਦ ਚਲ ਰਿਹਾ ਹੈ, ਉਹ ਇਸ ਗੱਲ ਤੇ ਨਹੀਂ ਕਿ ਹਰਿਆਣਾ ਦਾ ਬਹੁਤਾ ਕਿਸ ਨੇ ਬਣਾਇਆ ਹੈ। ਸਗੋਂ ਵਾਦ-ਵਿਵਾਦ ਇਸ ਗੱਲ ਤੇ ਹੈ ਕਿ ਬੀਬੀ ਦੀ ਝੋਲੀ ਚੁੱਕੀ ਵਿਚ ਕੌਣ ਅੱਗੇ ਸੀ।

"ਜਦੋਂ ਇੰਦਰਾ ਬੀਬੀ ਨੂੰ ਲੋਕ ਸਭਾ ਵਿਚੋਂ ਕਢਿਆ ਗਿਆ, ਤਾਂ ਤੂੰ ਰਾਜ ਸਭਾ ਦੀ ਕੁਰਸੀ ਤੇ ਬੈਠਾ ਹੀ ਰਿਹਾ।" ਭਜਨ ਲਾਲ ਨੇ ਬੰਸੀ ਲਾਲ ਨੂੰ ਮੇਹਣਾ ਦਿਤਾ।

"ਤੂੰ ਜਦੋਂ ਜੰਤਾ ਪਾਰਟੀ ਵਿਚ ਸੀ ਤੂੰ ਆਖਿਆ ਸੀ ਕਿ ਇੰਦਰਾ ਗਾਂਧੀ ਦੇਸ਼ ਦੀ ਸਾਰਿਆਂ ਨਾਲੋਂ ਵੱਧ ਕੇ ਝੂਠੀ ਔਰਤ ਹੈ" ਬੰਸੀ ਲਾਲ ਨੇ ਭਜਨ ਲਾਲ ਨੂੰ ਵਾਪਸ ਮੇਹਣਾ ਦਿਤਾ।

ਇੰਦਰਾ ਗਾਂਧੀ ਦਾ ਪ੍ਰਤੀਕਰਮ ਸੀ ਕਿ 'ਹੈਗੇ ਤਾਂ ਤੁਸੀਂ ਦੋਨੋਂ ਲਾਲ, ਤੁਹਾਡੀ ਔਕਾਤ ਦਾ ਤਾਂ ਮੈਨੂੰ ਪਤਾ ਹੀ ਹੈ, ਪਰ ਮੈਨੂੰ ਹਾਲੀ ਤੁਹਾਡੀ ਲੋੜ ਹੈ। ਤੁਹਾਡੀ ਚੋਚਲੇ ਬਾਜ਼ੀ ਮੈਨੂੰ ਚੰਗੀ ਲਗਦੀ ਹੈ।"

—13 ਜਨਵਰੀ, "ਇੰਦਰਾ ਰਾਜ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਫਲਾਇੰਗ ਮੇਲ ਜਿਹੜੀ ਅੱਗੇ ਖੰਨਾ ਸਟੇਸ਼ਨ ਤੇ ਨਹੀਂ ਖਲੋਂਦੀ ਸੀ, ਹੁਣ ਖਲੋ ਕੇ ਜਾਵੇਗੀ" ਇਹ ਬਿਆਨ ਡਿੱਪਟੀ ਰੇਲ ਮਨਿਸਟਰ ਸ: ਬੂਟਾ ਸਿੰਘ ਨੇ ਗੱਡੀ ਦੇ ਸਟੇਸ਼ਨ ਤੇ ਖਲੋਣ ਵੇਲੇ ਦਿਤਾ। ਉਹ ਇਸ ਵੱਡੇ ਅਵਸਰ ਲਈ ਖਾਸ ਦਿੱਲੀ ਤੋਂ ਚੱਲ ਕੇ ਖੰਨਾ ਆਏ ਸਨ। ਚਾਰ ਕਵਿੰਟਲ ਲੱਡੂ ਇਸ ਖੁਸ਼ੀ ਦੇ ਮੌਕੇ ਤੇ ਵੰਡੇ ਗਏ। ਡਿੱਪਟੀ ਰੇਲ ਮੰਤਰੀ ਇਤਨੇ ਉਤਸ਼ਾਹ ਵਿਚ ਸੀ ਤੇ ਉਹਨੇ ਤਕਰੀਰ ਵਿਚ ਕਿਹਾ, "ਇੰਦਰਾ ਇੰਡੀਆ ਹੈ ਤੇ ਇੰਡੀਆ ਇੰਦਰਾ ਹੈ"...ਹਾਂ "ਬਾਕੀ ਸਾਰੇ ਤਾਂ ਉਹਦੇ ਪੈਰੀ ਪਾਏ ਹੋਏ ਬੂਟ ਨੇ ਜਾਂ ਉਹਦੇ ਹੱਥੀਂ ਲਾਏ ਬੂਟੇ ਨੇ।"

o

---

ਪਾਠਕੀ —

# 1. ਯਥਾਰਥ ਇਤਿਹਾਸ ਹੁੰਦਾ ਹੈ

ਸੰਤ ਸਿੰਘ ਸੇਖੋਂ ਨੇ ਭਗਤ ਸਿੰਘ ਦੇ ਵਿਚਾਰਾਂ, ਸੋਚ ਅਤੇ ਕਾਰਗੁਜ਼ਾਰੀਆਂ ਤੇ ਟਿੱਪਣੀ ਵਿਚ ਆਖਿਆ ਹੈ, "ਅਜ਼ਾਦੀ ਦੇ ਸੰਗਰਾਮ ਜਾਂ ਇਨਕਲਾਬੀ ਲਹਿਰ ਵਿਚ ਉਨ੍ਹਾਂ ਦੀ ਦੇਣ ਦਾ ਕੋਈ ਮਹੱਤਵ ਨਹੀਂ। ਉਹ ਕਿਸੇ ਸੰਗਰਾਮ ਦੀ ਅਗਵਾਈ ਨਹੀਂ ਸਨ ਕਰ ਸਕਦੇ।" ਕਈਆਂ ਹੋਰਨਾਂ ਸੱਜਣਾ ਨੇ ਇਸ ਟਿੱਪਣੀ ਨੂੰ ਇਤਿਹਾਸਕ ਯਥਾਰਥ ਆਖਿਆ ਹੈ। ਤੇ ਇਤਿਹਾਸ ਵੱਲ ਯਥਾਰਥ ਪਹੁੰਚ ਅਪਨਾਉਣ ਦੀ ਨਸੀਹਤ ਕੀਤੀ ਹੈ। ਬੇਸ਼ਕ ਆਪ ਉਨ੍ਹਾਂ ਇਤਿਹਾਸਕਾਰਾਂ ਜਾਂ ਨੀਤੀਵੇਤਾ ਹੋਣ ਤੋਂ ਅਸਮਰਥਤਾ ਪ੍ਰਗਟਾਈ ਹੈ।

ਆਓ ਵੇਖੀਏ ਕੀ ਸੰਤ ਸਿੰਘ ਸੇਖੋਂ ਤੇ ਸ਼ਹੀਦ ਸਾਥੀ ਬਾਰੇ ਤੱਥਾਂ ਤੇ ਸਬੂਤਾਂ ਤੇ ਅਧਾਰਤ "ਯਥਾਰਥ" ਪਹੁੰਚ ਅਪਨਾਈ ਹੈ।

ਭਗਤ ਸਿੰਘ ਤੇ ਸਾਥੀਆਂ ਬਾਰੇ ਹੁਣ ਤੱਕ ਹੋਈਆਂ ਖੋਜਾਂ ਨੇ ਇਹ ਸਿੱਟਾ ਕਢਿਆ ਹੈ। ਕਿ ਉਹ ਕੇਵਲ ਕੌਮ-ਪ੍ਰਸਤ ਹੀਰੋ ਨਹੀਂ ਸਨ। ਉਨ੍ਹਾਂ ਦੇ ਇਰਾਦੇ ਵਿਗਿਆਨਕ ਸਿਆਸੀ ਸੋਚ ਅਪਨਾਉਣ ਦੇ ਸਨ। ਜੋ ਉਨ੍ਹਾਂ ਦੋ ਵਰਕੀਆਂ ਪ੍ਰੈਸ ਤੇ ਹੋਰ ਸਾਧਨਾਂ ਰਾਹੀਂ ਵੰਡੇ ਤੇ ਪ੍ਰਚਾਰੇ।

ਉਨ੍ਹਾਂ ਆਪਣੀ ਇਨਕਲਾਬੀ ਸੋਚ ਨੂੰ ਭਰਪੂਰ ਕਰਨ ਤੇ ਜਥੇ-ਬੰਧਕ ਤੌਰ ਤਰੀਕੇ ਸਿੱਖਣ ਲਈ ਆਪਣੇ ਸਾਥੀਆਂ ਨੂੰ ਰੂਸ ਭੇਜਣ ਦੀਆਂ ਨਾਕਾਮ ਕੋਸ਼ਿਸ਼ਾਂ ਕੀਤੀਆਂ।

ਸ: ਭਗਤ ਸਿੰਘ ਤੇ ਉਸ ਦੇ ਸਾਥੀ ਕਮਿਊਨਿਸਟ ਗਰੁੱਪਾਂ ਨਾਲ ਨੌਜਵਾਨ ਭਾਰਤ ਸਭਾ ਵਿਚ ਇਕੱਠਾ ਕੰਮ ਵੀ ਕਰਦੇ ਰਹੇ। ਉਹ ਸਮਾਜ ਦੀ ਤਬਦੀਲੀ ਵਿਗਿਆਨਕ ਲੀਹਾਂ ਤੇ ਇਨਕਲਾਬ ਰਾਹੀਂ ਚਾਹੁੰਦੇ ਸਨ। ਇਹ ਹਿੰਦੁਸਤਾਨ ਸੋਸਲਿਸਟ ਰਿਪਬਲਿਕਨ ਆਰਮੀ ਐਸੋਸੀਏਸ਼ਨ ਦੇ ਮੈਨੀਫੈਸਟੋ ਤੋਂ ਵੀ ਜ਼ਾਹਿਰ ਹੁੰਦਾ ਹੈ।

"ਇਨਕਲਾਬ ਇਕ ਅਜਿਹਾ ਅਮਲ ਹੈ ਜਿਸ ਨੂੰ ਕੁਦਰਤ ਪਿਆਰ ਕਰਦੀ ਹੈ। ਜਿਸ ਬਿਨ੍ਹਾਂ ਨਾਂ ਤਾਂ ਕੁਦਰਤ ਤੇ ਨਾਂ ਹੀ ਇਨਸਾਨੀ ਮਾਮਲਿਆਂ ਵਿੱਚ ਤਰੱਕੀ ਹੋ ਸਕਦੀ ਹੈ। ਇਨਕਲਾਬ ਵਹਿੰਦੀ ਕਲਾ ਵਾਲਾ ਫਲਸਫਸਾ ਨਹੀਂ ਤੇ ਨਾਂ ਹੀ ਨਿਰੇ ਸਿਰਲੱਥ ਲੋਕਾਂ ਦਾ ਅਕੀਦਾ ਹੈ। ਇਨਕਲਾਬ ਰੱਬ ਵਿਰੋਧੀ ਤਾਂ ਹੋ ਸਕਦਾ ਹੈ। ਪਰ ਇਹ ਮਨੁੱਖ ਵਿਰੋਧੀ ਉੱਕਾ ਨਹੀਂ। ਇਹ ਤਾਂ ਇੱਕ ਸਜੀਵ ਸ਼ਕਤੀ ਹੈ। ਜੋ 'ਪੁਰਾਣੇ' ਤੇ ਨਵੇਂ', 'ਜੀਵਨ' ਤੇ 'ਜਿਊਂਦੀ ਜਾਗਦੀ ਮੌਤ', 'ਰੋਸ਼ਨੀ' ਤੇ 'ਹਨੇਰੇ' ਵਿਚਕਾਰ ਸਦੀਵੀ ਟੱਕਰ ਦੀ ਲਖਾਇਕ ਹੈ। ਇਨਕਲਾਬ ਬਿਨਾਂ ਕੋਈ ਤਰਤੀਬ, ਕੋਈ ਸੁਰਮੇਲ ਲੈਅ ਸੰਭਵ ਨਹੀਂ। ਇਨਕਲਾਬ ਕਾਨੂੰਨ ਹੈ, ਅਸੂਲ ਹੈ, ਤੇ ਤਰਤੀਬ ਹੈ, ਤੇ ਇਨਕਲਾਬ ਸਚਾਈ ਹੈ।"

ਉਹ ਹਿੰਸਾ ਤੋਂ ਇਨਕਾਰ ਕਰਦੇ ਸਨ। ਉਹ ਇਨ-ਕਲਾਬ ਨੂੰ ਬੰਬ ਪਿਸਤੌਲ ਨਾਲ ਨਹੀਂ ਸਨ ਜੋੜਦੇ।

"ਇਹ ਤਾਂ ਸਿਰਫ ਇਨਕਲਾਬ ਲਿਆਉਣ ਦੇ ਸਾਧਨ

ਸਨ।—ਬਗਾਵਤ ਇਨਕਲਾਬ ਨਹੀਂ ਸੀ। ਭਾਵੇਂ ਉਸ ਤੋਂ ਇਨਕਲਾਬ ਉਪਜ ਸਕਦਾ ਸੀ।"

ਸੁਖਦੇਵ ਨੂੰ ਭਗਤ ਸਿੰਘ ਨੇ ਇੱਕ ਖਤ ਵਿੱਚ ਕਿਹਾ— "ਇਸ ਦੇਸ਼ ਵਿੱਚ ਮੈਂ ਤੇ ਤੂੰ ਸੋਸ਼ਲਿਸਟ ਤੇ ਕਮਿਊਨਿਸਟ ਵਿਚਾਰ ਪੈਦਾ ਨਹੀਂ ਕੀਤੇ। ਸਗੋਂ ਉਹ ਤਾਂ ਸਾਡੇ ਸਮੇਂ ਅਤੇ ਸਥਿਤੀਆਂ ਦੇ ਪ੍ਰਭਾਵਾਂ ਦਾ ਸਿੱਟਾ ਹਨ। ਨਿਰਸੰਦੇਹ, ਅਸੀਂ ਇਨ੍ਹਾਂ ਵਿਚਾਰਾਂ ਦੇ ਪ੍ਰਚਾਰ ਦੇ ਵਿਰਾਸਨ ਵਿੱਚ ਨਿਰਮਾਣ ਜਿਹਾ ਹਿੱਸਾ ਪਾਇਆ ਹੈ।"

(ਭਗਤ ਸਿੰਘ)

ਉਨ੍ਹਾਂ ਦੇ ਸਾਥੀ ਭਗਵਤੀ ਚਰਨ ਨੇ 'ਸਮਾਜਕ' ਰਾਜਨੀਤਕ ਤੇ ਆਰਥਕ ਆਜ਼ਾਦੀ ਨੂੰ ਇਨਕਲਾਬ ਦਾ ਨਾਂ ਦਿੱਤਾ ਸੀ।

3 ਮਾਰਚ 1931 ਦੇ ਸੁਨੇਹੇ ਵਿੱਚ ਭਗਤ ਸਿੰਘ ਸਪਸ਼ਟ ਲਿਖਦਾ ਹੈ—"ਜਦ ਤੀਕਰ ਆਪਣੇ ਸਵਾਰਥ ਲਈ ਮੁੱਠੀ ਭਰ ਲੋਟੂ ਭਾਰਤ ਵਿੱਚ ਆਮ ਲੋਕਾਂ ਦੀ ਮਿਹਨਤ ਨੂੰ ਲੁੱਟਦੇ ਰਹਿਣਗੇ" ਭਾਰਤ ਵਿੱਚ ਜਦੋਜਹਿਦ ਜਾਰੀ ਰਹੇਗੀ। ਇਸ ਗੱਲ ਦਾ ਕੋਈ ਮਹੱਤਵ ਨਹੀਂ ਕਿ ਇਹ ਲੋਟੂ ਨਿਰੇ ਬਰਤਾਨਵੀ ਸਰਮਾਏਦਾਰ ਹਨ ਜਾਂ ਅੰਗਰੇਜ਼ ਤੇ ਭਾਰਤੀ ਰਲੇ ਹੋਏ। ਜਾ ਸ਼ੁਧ ਭਾਰਤੀ।

20 ਮਾਰਚ 1931 ਦੀ ਆਖਰੀ ਅਰਜ਼ੀ—

ਹੋ ਸਕਦਾ ਹੈ ਇਹ ਜੰਗ ਵੱਖ ਵੱਖ ਸੂਰਤਾਂ ਧਾਰਨ ਕਰ ਲਵੇ। ਕਿਸੇ ਵਕਤ ਖੁਲ੍ਹੇ ਰੂਪ ਵਿੱਚ ਵਿਖਾਈ ਦੇਵੇ ਤੇ ਕਿਸੇ ਸਮੇਂ ਗੁਪਤ ਰੂਪ ਵਿੱਚ ਜਾਰੀ ਰਵ੍ਹੇ। ਕਦੀ ਇਹ ਖੌਫਨਾਕ ਹੋ ਜਾਵੇ। ਤੇ ਕਦੀ ਛੋਟੀ ਜਿਹੀ ਝਪਟ ਹੋ ਜਾਵੇ। ਕਦੇ ਇਹ ਇਤਨੀ ਭਿਆਨਕ ਹੋ ਜਾਵੇ ਕਿ ਜ਼ਿੰਦਗੀ ਤੇ ਮੌਤ ਦੀ ਬਾਜ਼ੀ ਲੱਗ ਜਾਵੇ।

ਸੋ ਇਨਕਲਾਬ ਦੇ ਮੁਢਲੇ ਪੜਾਅ ਵਿੱਚ ਨੌਜਵਾਨਾਂ ਦਾ ਝੰਡਾ ਰੋਲ ਹੁੰਦਾ ਹੈ। ਨੌਜਵਾਨ ਜਥੇਬੰਦੀਆਂ ਵਿੱਚ ਨੌਜੁਆਨ ਮੱਧ ਵਰਗ ਵਿਚੋਂ ਜ਼ਿਆਦਾ ਆਉਂਦੇ ਹਨ। ਇਨ੍ਹਾਂ ਕੋਲ ਮੁਢਲੇ ਕਾਰਜ ਪ੍ਰਚਾਰ ਲਈ ਸੂਝ ਲਿਆਕਤ ਘਰੇਲੂ ਅਜ਼ਾਦੀ ਕੁਰਬਾਨੀ ਤੇ ਹੀਰੋ ਭਾਵਨਾ ਹੁੰਦੀ ਹੈ।

ਉਹ ਆਪਣੀਆਂ ਸਰਗਰਮੀਆਂ ਨਾਲ ਇਨਕਲਾਬੀ ਧੁਰਾ, ਜਥੇਬੰਦੀ ਨਹੀਂ ਉਸਾਰ ਸਕੇ।

ਉਹ ਲੋਕਾਂ ਤੱਕ ਇਨਕਲਾਬੀ ਸੰਦੇਸ਼ ਭੇਜਣਾਂ ਚਾਹੁੰਦੇ ਸਨ। ਉਹ ਇੰਨਾ ਕੁ ਹੀ ਕਰ ਸਕਦੇ ਸਨ।

ਭਗਤ ਸਿੰਘ ਦੀ ਇਹ ਆਸ ਪੂਰੀ ਹੋ ਗਈ। ਭਗਤ ਸਿੰਘ ਹੋਰਾਂ ਇਨਕਲਾਬ ਜ਼ਿੰਦਾਬਾਦ ਦਾ ਨਾਹਰਾ ਦੇਸ ਦੇ ਕੋਨੇ ਕੋਨੇ ਵਿੱਚ ਪੁਚਾਣ ਵਿੱਚ ਸਫਲ ਹੋਏ। ਬੇਸ਼ਕ ਉਹ ਆਪਣੇ ਐਕਸ਼ਨ ਜਨਤਕ ਕਾਰਵਾਈਆਂ ਦਾ ਅੰਗ ਨਾਂ ਬਣਾ ਸਕੇ। ਉਨ੍ਹਾਂ ਦੀਆਂ ਕਾਰਵਾਈਆਂ ਅੱਤਵਾਦੀ ਹੋ ਨਿੱਬੜੀਆਂ।

ਪਰ ਉਨ੍ਹਾਂ ਦਾ ਸੰਦੇਸ਼ ਅੱਜ ਵੀ ਜਿਉਂਦਾ ਹੈ। ਉਨ੍ਹਾਂ ਦੇ ਸਾਥੀਆਂ ਨੇ ਕਮਿਊਨਿਸਟ ਪਾਰਟੀਆਂ ਵਿੱਚ ਮੋਢੀ ਕੰਮ ਕੀਤਾ। (ਪੰਡਤ ਕਿਸ਼ੋਰੀ ਲਾਲ-ਸੋਹਣ ਸਿੰਘ ਜੋਸ਼) ਉਨ੍ਹਾਂ ਦਾ ਸੰਦੇਸ਼ ਮੁੜ ਸੁਰਜੀਤ ਹੋਈ ਨੌਜਵਾਨ ਭਾਰਤ ਸਭਾ (1974) ਅੱਜ ਵੀ ਘਰ-ਘਰ ਪੁਚਾ ਰਹੀ ਹੈ। ਭਗਤ ਸਿੰਘ ਨੌਜਵਾਨ ਪੀੜ੍ਹੀ ਨੂੰ ਦਿੱਤੇ ਵਿਗਿਆਨਕ ਇਨਕਲਾਬੀ ਸੰਦੇਸ਼ ਸਦਕਾ ਸਦੀਵੀ ਅਮਰ ਰਹੇਗਾ।

ਹੁਣ ਸਵਾਲ ਉਠਦਾ ਹੈ ਕਿ ਸੰਤ ਸਿੰਘ ਸੇਖੋਂ ਹੋਰਾਂ ਨੂੰ ਸਾਹਿਤਕਾਰ ਤੋਂ ਇਤਿਹਾਸਕਾਰ ਬਣਨ ਦੀ ਕੀ ਲੋੜ ਜਾਪੀ ਜਾਂ ਇਕੋ ਵੇਲੇ ਸਾਹਿਤਕਾਰ ਤੇ ਇਤਿਹਾਸਕਾਰ ਵਜੋਂ ਕਿਵੇਂ ਵਿਚਰੇ—

ਲੁਟੇਰੀਆ ਜਮਾਤਾਂ ਹਮੇਸ਼ਾਂ ਚਾਹੁੰਦੀਆਂ ਹਨ, ਦੱਬੇ ਕੁਚਲੇ ਲੋਕਾਂ ਲਈ ਕੁਰਬਾਨ ਹੋਇਆਂ ਸ਼ਹੀਦਾਂ ਪ੍ਰਤੀ ਬੁੱਤ ਪੂਜਾ ਦੀ ਪ੍ਰੰਪਰਾ ਚਲਾਈ ਜਾਵੇ। ਉਨ੍ਹਾਂ ਦੇ ਸਿਧਾਂਤਕ ਵਿਰਸੇ ਤੋਂ ਲੋਕਾਂ ਨੂੰ ਵਿਰਵਾ ਰੱਖਿਆ ਜਾਵੇ। ਉਹ ਤਾਂ ਹੀ ਸ਼ਹੀਦਾਂ ਨੂੰ ਅਪਨਾਉਂਦੀਆਂ ਹਨ। ਉਹ ਸ਼ਹੀਦਾਂ ਨੂੰ ਸੋਚ ਵਿਹੂਣੇ ਸਿਰਲੱਥ ਯੋਧਿਆਂ ਵਜੋਂ ਸ਼ਿੰਗਾਰ ਕੇ ਪੇਸ਼ ਕਰਦੇ ਹਨ! ਸ਼ਹੀਦਾਂ ਦੀਆਂ ਜੀਵਨੀਆਂ, ਯਾਦਾਂ ਆਪਣੇ ਪੱਖ ਵਿੱਚ ਸੀਮਾਂ ਅੰਦਰ ਰਹਿ ਕੇ ਲਿਖਣ ਛਾਪਣ ਦੀਆਂ ਨਸੀਹਤਾਂ ਕਰਦੇ ਹਨ। "ਭਾਵੇਂ ਲੇਖਕ ਨੂੰ ਸੀਮਾਂ ਅੰਦਰ ਰਹਿ ਕੇ ਕੰਮ ਕਰਨਾ ਪਿਆ। (ਗੁਰਦੇਵ ਸਿੰਘ ਦਿਓਲ) ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਲਿਖਾਈ ਗਈ ਜੀਵਨੀ ਦੇ ਲੇਖਕ।"

ਸੇਖੋਂ ਨੇ ਐਨਾਂ ਚਿਰ ਪਹਿਲਾਂ ਇਹ ਵਿਸ਼ਲੇਸ਼ਣ ਕਿਉਂ ਨਾ ਕੀਤਾ। ਉਹ ਕਮਿਊਨਿਸਟ ਪਾਰਟੀਆਂ ਦਾ ਹਾਮੀ-ਵੀ ਰਿਹਾ ਹੈ। ਤੇ ਪੰਜਾਬ ਦੀ ਕਮਿਊਨਿਸਟ (ਮ) ਵਿੱਚ ਪੰਡਤ ਕਿਸ਼ੋਰੀ ਲਾਲ ਭਗਤ ਸਿੰਘ ਦੇ ਉਪਰੋਕਤ ਵਿਚਾਰਾਂ ਦੀ ਪੁਸ਼ਟੀ ਵੀ ਕਰਦਾ ਰਿਹਾ ਹੋਊ। ਮੇਰੇ ਨਾਲ ਵੀ ਪੰਡਤ ਹੋਰਾਂ ਇਹੋ ਜਿਹੇ ਵਿਚਾਰ ਸਾਂਝੇ ਕੀਤੇ ਸਨ।

ਅਸਲ ਵਿੱਚ ਜਦ ਲੋਕ ਸ਼ਹੀਦਾਂ ਨੂੰ ਬੁੱਤ ਪੂਜਾ ਦੀ ਵਲਗਣ ਵਿੱਚੋਂ ਕੱਢ ਕੇ ਉਨ੍ਹਾਂ ਦੇ ਵਿਚਾਰਾਂ ਦੇ ਵਿਰਸੇ ਨੂੰ ਅਪਨਾਉਂਦੇ ਹਨ ਤਾਂ ਲੁਟੇਰੀਆਂ ਜਮਾਤਾਂ ਵਿੱਚ ਬੁਖਲਾਹਟ ਪੈਦਾ ਹੋ ਜਾਂਦੀ ਹੈ। ਉਹ ਚਾਹੁੰਦੇ ਹਨ ਕਿ ਉਹਨਾਂ ਦੇ ਵਿਰਸੇ ਨੂੰ ਧੁੰਧਲਾ ਕੀਤਾ ਜਾਏ। ਸੰਤ ਸਿੰਘ ਸੇਖੋਂ ਨੇ ਜਾਣੇ ਜਾਂ ਅਨਜਾਣੇ ਇਹੋ ਕੁਝ ਕੀਤਾ ਹੈ।

ਜਗੀਰ ਸਿੰਘ ਲਿੱਦੜ

o

2. ਸਮਤਾ ਦੇ ਪਹਿਲੇ ਅੰਕ ਪੜ੍ਹਕੇ ਲਗਿਆ ਸੀ ਕਿ ਇਹ ਪਰਚਾ ਜ਼ਰੂਰ ਲੋਕ-ਮੁਸ਼ਕਲਾਂ ਨੂੰ ਖੁੱਲ੍ਹ ਕੇ ਲੋਕਾਂ ਵਿੱਚ ਪਰਚਾਰੇਗਾ ਤੇ ਪੰਜਾਬੀ ਪੱਤਰਕਾਰੀ ਵਿੱਚ ਕੁਝ ਨਵੇਂ ਪੂਰਨੇ ਵੀ ਪਾਵੇਗਾ। ਪਰੰਤੂ ਪਿਛਲੇ ਅੰਕਾਂ ਨੇ ਇਸ ਆਸ ਨੂੰ ਜ਼ਰੂਰ ਠੇਸ ਮਾਰੀ ਹੈ। ਪਰਚੇ ਵਿੱਚ ਕਹਾਣੀਆਂ ਤੇ ਇਕਾਂਗੀਆਂ ਤੋਂ ਇਲਾਵਾ 'ਇਹ ਹਮਾਰਾ ਜੀਵਣਾ'

ਹੀ ਲੋਕਾਂ ਦੀ ਸਮਝ ਵਿੱਚ ਪੈਂਦਾ ਸੀ। ਲਗਦਾ ਹੈ ਕਿ ਸਮਤਾ ਵੀ ਹੌਲੀ ਹੌਲੀ ਸਿਰਫ਼ ਬੁਧੀਜੀਵੀਆਂ ਦੀ ਮਲਕੀਅਤ ਹੀ ਬਣ ਕੇ ਰਹਿ ਜਾਵੇਗਾ। ਤੁਸੀਂ ਜ਼ਿਆਦਾ ਅਨੁਵਾਦ ਹੀ ਦਿੰਦੇ ਹੋ ਤੇ ਆਖਦੇ ਹੋ ਕਿ ਇਹ ਪੰਜਾਬੀ ਵਿੱਚ ਉਚਤਮ ਰਚਨਾਵਾਂ ਦੀ ਘਾਟ ਕਰਕੇ ਹੈ। ਪਰ ਚੰਗਾ ਹੋਵੇ ਜੇ ਤੁਸੀਂ ਦੂਸ਼ਰੀਆਂ ਭਾਸ਼ਾਵਾਂ ਦੀਆਂ ਵਧੀਆ ਕਿਰਤਾਂ ਦੀ ਬਜਾਏ ਪੰਜਾਬੀ ਦੀਆਂ ਆਪਣੇ ਘੇਰੇ ਮੁਤਾਬਕ ਵਧੀਆ ਰਚਨਾਵਾਂ ਦਿਓ ਭਾਵੇਂ ਉਹ ਦੂਸਰੀਆਂ ਦੇ ਮੁਕਾਬਲੇ ਘਟੀਆ ਹੀ ਕਿਓਂ ਨਾ ਹੋਣ।

ਸਭ ਤੋਂ ਜਰੂਰੀ ਗੱਲ ਇਹ ਕਹਿਣੀ ਹੈ ਕਿ ਦੀਪੰਕਰ ਗੁਪਤਾ ਦੇ ਲੇਖ ਦਾ ਜੋ ਅਨੁਵਾਦ ਕੀਤਾ ਗਿਆ ਹੈ (ਅੰਕ 7) ਉਹ ਸਾਡੇ ਬਹੁਤ ਸਾਰੇ ਪਾਠਕਾਂ ਦੇ ਖਾਨੇ ਵਿੱਚ ਬੈਠ ਹੀ ਨਹੀਂ ਸਕਿਆ। ਜੇ ਤੁਸਾਂ ਅਨੁਵਾਦ ਹੀ ਛਾਪਣੇ ਹਨ ਤਾਂ ਜ਼ਰਾ ਨੇੜੇ ਰਹਿ ਕੇ ਛਾਪਿਆ ਕਰੋ। ਰਬਿੰਦਰ ਬਾਠ ਦੇ ਅਨੁਵਾਦ ਵਧੀਆ ਲਗਦੇ ਹਨ।

o ਬਲਦੇਵ ਕਲੇਰ

## 3. "ਤਰਾਜ਼ੂ" ਕਿ "ਬਾਜ਼ੂ"

'ਸਮਤਾ' ਦੇ ਪਿਛਲੇ ਅੰਕ ਵਿਚ ਸ. ਗੁਰਸ਼ਰਨ ਸਿੰਘ ਜੀ ਵੱਲੋਂ 'ਇਨਸਾਫ਼ ਕਾ ਤਰਾਜ਼ੂ' ਦੀ ਮਹਿਮਾਂ ਕਈ ਸ਼ੰਕੇ, ਕਈ ਸਵਾਲ ਖੜੇ ਕਰ ਦੇਂਦੀ ਹੈ। ਵਿਸ਼ੇਸ਼ ਕਰਕੇ ਇਸ ਫੀਚਰ ਦਾ ਆਖਰੀ ਸਫ਼ੇ ਤੇ ਛਾਪਿਆ ਜਾਣਾ ਅਤੇ ਇਸ ਨੂੰ ਬੰਬਈਆਂ ਫਿਲਮਾਂ ਵਿਚ ਇਕ 'ਸ਼ੁਭ ਘਟਨਾਂ' ਵਜੋਂ ਬਿਆਨਿਆਂ ਜਾਣਾ।

ਅਜੀਬ ਵਿਰੋਧਾ-ਭਾਸ ਹੈ ਕਿ ਇਨਸਾਫ਼-ਇਨਸਾਫ਼ ਕੂਕਦੀ ਫਿਲਮ ਦੀਆਂ ਟਿਕਟਾਂ ਸ਼ਰੇਆਮ ਬਲੈਕ ਵਿਚ ਵੇਚੀਆਂ ਜਾਂਦੀਆਂ ਹਨ ਅਤੇ ਜੇ ਲੋੜ ਪਵੇ ਤਾਂ ਪੁਲੀਸ ਦੀ ਸਹਾਇਤਾ ਤਕ ਲਈ ਜਾਂਦੀ ਹੈ। ਜੇ ਫਿਲਮ ਨੂੰ ਅਸੀਂ ਫੇਰ ਵੀ ਉਚ-ਕੋਟੀ ਦੀਆਂ ਫਿਲਮਾਂ ਵਿਚ ਰਖਣਾ ਹੈ ਤਾਂ ਸਾਡੇ ਫਿਲਮ ਦਰਸ਼ਕਾਂ ਦੇ ਦਿਮਾਗ ਦਾ ਪੁਨਰ-ਵਿਸ਼ਲੇਸ਼ਣ ਅਤੇ ਨਾਕਾਮਯਾਬ ਹੋ ਚੁਕੀਆਂ ਵਧੀਆ ਫਿਲਮਾਂ ਦੇ ਨਿਰਮਾਤਾਵਾਂ ਦੀ ਸ਼ਾਂਤੀ ਲਈ ਅਰਦਾਸ ਕਰਨੀ ਪਵੇਗੀ। ਸ. ਗੁਰਸ਼ਰਨ ਸਿੰਘ ਜੀ ਨੇ ਇਸ ਨੂੰ ਸ਼ੁਭ-ਸ਼ਗਨ ਆਖਿਆ ਹੈ। ਜੇ ਮੈਂ ਗਲਤ ਨਾਂ ਹੋਵਾਂ ਤਾਂ ਸ਼ਗਨ ਮਹੂਰਤ ਵੇਲੇ ਹੁੰਦਾ ਹੈ ਪਰ ਸਾਨੂੰ ਤਾਂ ਬੰਬਈਆਂ ਫਿਲਮਾਂ ਦੇ ਲੱਚਰਪੁਣੇ ਵਿਚ ਕਿਤੇ ਕਿਤੇ ਪਹਿਲਾਂ ਵੀ ਅਜੇਹੀਆਂ ਘਟਨਾਵਾਂ (ਜੋ ਨਿਰਮਾਤਾਵਾਂ ਲਈ ਦੁਰਘਟਨਾਵਾਂ ਹੋ ਜਾਂਦੀਆਂ ਹਨ) ਵੇਖਣ ਸੁਣਨ ਲਈ ਮਿਲਦੀਆਂ ਰਹਿੰਦੀਆਂ ਹਨ ਅਤੇ ਉਥੇ ਕਈ ਜਗ੍ਹਾ ਬਲੈਕ ਵਿਚ ਤਾਂ ਕੀ, ਘਟੀਆ ਦਰਾਂ ਤੇ ਟਿਕਟਾਂ ਖਰੀਦਣ ਵਾਲਾ ਵੀ ਕੋਈ ਕੋਈ ਲੱਭਦਾ ਹੈ। ਵੈਸੇ ਤਾਂ ਇਹ ਸਾਡੇ ਸੰਤਾਪ-ਗ੍ਰਸਤ ਸਿਨੇਮਾਂ ਦਾ ਇਤਿਹਾਸ ਹੀ ਰਿਹਾ ਹੈ, ਪਰ ਕਈ ਬਹੁਤ ਵਧੀਆ ਅਤੇ ਸਮਾਜਕ ਸਮੱਸਿਆਵਾਂ ਨੂੰ ਬਹੁਤ ਯਥਾਰਥਕ ਅਤੇ ਕਲਾਮਈ ਢੰਗ ਨਾਲ ਪੇਸ਼ ਕਰਨ ਵਾਲੀਆਂ ਫਿਲਮਾਂ ਇਸ ਦਾ ਵਿਸ਼ੇਸ਼ ਸ਼ਿਕਾਰ ਹੋ ਰਹੀਆਂ ਹਨ। ਵੈਸੇ ਲਾਊਡ ਫਿਲਮਾਂ ਵਿਚੋਂ 'ਸਮਾਜ ਕੋ ਬਦਲ ਡਾਲੋ' ਵਰਗੀਆਂ ਨਾਅਰਾ-ਨੁਮਾ ਫਿਲਮਾਂ ਵੀ ਰਸ਼ ਖਿੱਚਦੀਆਂ ਰਹੀਆਂ ਹਨ ਅਤੇ ਗੁਲਸ਼ਨ ਨੰਦਾ ਦੇ ਕਿਸੇ ਵੀ ਨਾਵਲ ਤੇ ਅਧਾਰਤ ਕੋਈ ਹੋਰ ਫਿਲਮਾਂ ਵੀ। ਪ੍ਰੰਤੂ 'ਸਗੀਨਾਂ' ਵਰਗੀ ਪ੍ਰੋਲਤਾਰੀ ਚ੍ਰਿਤਰ-ਨਿਰਮਾਣ ਵਾਲੀਆਂ ਫਿਲਮਾਂ ਨੂੰ ਨਾ ਤਾਂ ਆਪਣੇ ਅਸਲੀ ਦਰਸ਼ਕ ਲੱਭਦੇ ਰਹੇ ਹਨ ਅਤੇ ਨਾ ਹੀ ਸਾਡੀ ਪ੍ਰੈਸ ਵਿੱਚ ਮੁਕਾਬਲਤਨ ਇਨ੍ਹਾਂ ਫਿਲਮਾਂ ਦੀ ਧੂੰਆਂਧਾਰ ਵਕਾਲਤ ਕੀਤੀ ਜਾਂਦੀ ਰਹੀ ਹੈ। ਇਤਿਹਾਸ ਵਿੱਚ ਅਕਸਰ ਅਜਿਹੀਆਂ ਘਟਨਾਵਾਂ ਵਾਪਰ ਸਕਦੀਆਂ ਹਨ ਅਤੇ ਵਾਪਰਦੀਆਂ ਵੀ ਹਨ ਜਿਨ੍ਹਾਂ ਨੂੰ ਇਤਿਹਾਸਕਾਰ ਸ਼ਾਸਤਰੀ ਪੈਮਾਨੇ ਨਾਲ ਨਹੀਂ ਨਾਪ ਸਕਿਆ। ਪ੍ਰੰਤੂ ਸ਼ੋਸ਼ਣ ਦੇ ਕੁਝ ਕੁ ਟੱਚ ਇਸ ਫਿਲਮ ਨੂੰ 'ਟੱਚੀ' ਬਨਾਉਣ ਲਈ ਵਰਤੇ ਗਏ ਹਨ। ਮਿਸਾਲ ਵਜੋਂ ਰੇਪ ਦਾ ਸ਼ਿਕਾਰ ਹੋਣ ਵਾਲੀ ਕੁੜੀ ਮਾਡਲ-ਗਰਲ ਹੀ ਕਿਉਂ ਹੈ, ਆਮ ਕੁੜੀ ਕਿਉਂ ਨਹੀਂ ? ਇਹ ਫਿਲਮ ਨੂੰ ਕੋਈ ਮਿਹਣਾ ਨਹੀਂ ਪ੍ਰੰਤੂ ਮਾਡਲਿੰਗ ਦੀ ਸਾਰੀ ਪਰਾਸੈੱਸ ਕੀ ਇਕ ਹੋਰ ਕਿਸਮ ਦਾ ਰੇਪ ਨਹੀਂ ? ਬੁਰਜੁਆਜ਼ੀ ਕਲਾ-ਸੰਪਰਦਾ ਵਿੱਚ ਔਰਤ ਨੂੰ ਨਮੂਨੇ ਵਜੋਂ ਵਰਤਿਆ ਜਾਣਾ ਇੱਕ ਵਸਤੂ ਵਾਂਗ ਵਰਤਿਆ ਜਾਣਾ ਹੈ, ਇਨਸਾਨੀ ਰਿਸ਼ਤੇ ਵਜੋਂ ਨਹੀਂ। ਇਸ ਲਈ ਰੇਪ-ਸਮੱਸਿਆ ਦੀ ਜੜ੍ਹ ਸਿਰਫ਼ ਜ਼ਾਹਰਾ ਬਲਾਤਕਾਰ ਐਕਸ਼ਨ ਵਿੱਚ ਹੀ ਨਹੀਂ ਸਗੋਂ ਮਾਡਲਿੰਗ ਖ਼ੁਦ ਵਿੱਚ ਹੈ। ਇਸ ਫਿਲਮ ਬਾਰੇ ਅਖਬਾਰਾਂ ਰਿਸਾਲਿਆਂ ਨੇ ਬੜਾ ਕੁੱਝ ਵਿਰੋਧ ਵਿੱਚ ਤੇ ਹੱਕ ਵਿੱਚ ਲਿਖਿਆ ਹੈ ਪਰ ਅਸੀਂ ਇਹ ਗੱਲ ਜ਼ਰੂਰ ਦੇਖੀ ਹੈ ਕਿ ਲੋਕੀਂ ਇਸ ਫਿਲਮ ਨੂੰ ਦਿਲਚਸਪੀ ਨਾਲ ਵੇਖ ਤਾਂ ਰਹੇ ਹਨ, ਰੋਹ ਨਾਲ ਬਾਹਰ ਨਹੀਂ ਆਉਂਦੇ। ਇਉਂ ਇਹ ਫਿਲਮ ਸਾਡੇ ਆਪਣੇ ਨਿਰਮਾਤਾਵਾਂ ਦੇ ਹੱਥੋਂ ਹੋ ਕੇ ਵੀ ਪਰਾਈ ਲੱਗਦੀ ਹੈ। ਬਹੁਤ ਗਿਣਤੀ ਉਨ੍ਹਾਂ ਲੋਕਾਂ ਦੀ ਹੈ, ਜਿਹੜੇ "ਤਰਾਜ਼ੂ" ਨਹੀਂ "ਬਾਜ਼ੂ" ਵੇਖਣ ਜਾਂਦੇ ਹਨ।

[ਸਹਰ ਯਾਰ]

o

4.—ਸਮਤਾ (8) ਵਿਚ ਪੇਟਰ ਸਾਰਾ ਸੁਚੱਜਾ ਸੀ; ਨਾਟਕ ਪੁਲਸ ਦੀ ਦਰਿੰਦਗੀ, ਪਰ ਇਨਕਲਾਬੀ ਦਰਸ਼ਨ ਦੀ ਦ੍ਰਿੜ੍ਹਤਾ ਤੇ ਕਈ ਹੋਰ ਗੱਲਾਂ ਦਾ ਸੂਖਮ ਤੇ ਕਲਾਮਈ ਗੱਲਾਂ ਦਾ ਬਿਆਨ ਕਰਦਾ ਹੈ—ਔਲਖ ਜੀ ਵਧਾਈ ਦੇ ਪਾਤਰ ਹਨ।

ਕਹਾਣੀ ਬਿਨ ਸਿਰਲੇਖ ਤੋਂ ਵਿਚ ਭਾਰਦਵਾਜ ਨੇ

ਸੱਚ ਨੂੰ ਉਘਾੜ ਕੇ ਸਾਡੇ ਸਾਹਮਣੇ ਰੱਖ ਦਿੱਤੈ—ਤੇ ਕਾਂਗਰਸੀਆਂ ਦੀ ਲੁੱਟ-ਖਸੁੱਟ, ਨਾਅਰੇਬਾਜ਼ੀ ਦਾ 30 ਸਾਲਾ ਪਰਦਾ ਵੀ ਬੇ-ਪਰਦਾ ਕਰ ਦਿੱਤੈ—ਸਚਮੁੱਚ 'ਇਹ' ਗਰੀਬ ਅਨਪੜ੍ਹ ਜਨਤਾ ਨਾਲ ਕਿਸ ਪ੍ਰਕਾਰ ਧੋਖਾ ਧੜੀ ਕਰਦੇ ਨੇ—ਤੌਬਾ ਤੌਬਾ......

ਵਿਰਸੇ ਦੀ ਪਛਾਣ ਪੜ੍ਹਕੇ,ਵੱਖ ਵੱਖ ਵਿਦਵਾਨ ਲੇਖਕਾਂ ਦੇ ਵਿਚਾਰਾਂ ਦਾ ਪਤਾ ਲੱਗਦਾ ਏ—ਪਰ ਚੂੰਕਿ ਮੈਂ ਹਾਲੇ ਨਵਾਂ ਨਵਾਂ ਹੀ ਲਿਖ ਰਿਹਾਂ—ਇਸ ਲਈ 'ਕੁਝ' ਵੀ ਕਹਿਣੋ ਝਿਜਕਦਾ ਹਾਂ—ਪਰ ਉਹਨਾਂ ਵਿਦਵਾਨਾਂ ਦੇ ਵਿਚਾਰਾਂ ਨੇ ਮੈਨੂੰ ਜ਼ਰੂਰ ਟੁੰਬਿਐ—ਇਹ ਹਮਾਰਾ ਜੀਵਣਾ—ਸੁਖਬੀਰ, ਢੀਡ, ਨਿਚਕੇਤਾ, ਲਲਤੋਂ ਜੀ ਆਪਣੀ ਆਪਣੀ ਥਾਂ ਟਾਪ ਤੇ ਹਨ—

o ਗੁਰਮਿੰਦਰ ਹੈਦਰਾਬਾਦੀ

5.—ਐਤਕੀਂ ਤੁਹਾਡੇ ਕਾਲਮ ਵਿਚ 'ਮੁੱਠੀ ਵਿਚੋਂ ਕਿਰਦਾ ਵਿਸ਼ਵਾਸ' ਬੜਾ ਹੀ ਮਹੱਤਵਪੂਰਣ, ਜ਼ਰੂਰੀ ਅਤੇ ਸੱਚਾ ਲੇਖ ਹੈ। ਮੈਂ ਚਿਰਾਂ ਤੋਂ ਬੜੀ ਸ਼ਿੱਦਤ ਨਾਲ ਇਹ ਗੱਲ ਨੋਟ ਕਰਦਾ ਆਇਆ ਹਾਂ ਪਰ ਤੁਸੀਂ ਮੇਰੀਆਂ ਉਲਝੀਆਂ ਹੋਈਆਂ ਸ਼ੰਕਾਵਾਂ ਨੂੰ ਬੜੀ ਹੀ ਸਾਦਗੀ ਨਾਲ ਸਪਸ਼ਟ ਕਰ ਦਿਤਾ ਹੈ। ਧੰਨਵਾਦ। ਇਹ ਗੱਲ ਏਨੀ ਸਿੱਧੀ ਅਤੇ ਏਨੀ ਸਾਫ ਹੈ ਪਰ ਸਾਡੇ ਬਹੁਤੇ ਲੇਖਕ (ਮੈਂ ਵੀ ਮੁਕਤ ਨਹੀਂ ਰਿਹਾ) ਇਸ ਵਿਚ ਬਹੁਤ ਹੀ ਬੁਰੀ ਤਰ੍ਹਾਂ ਗ੍ਰੱਸੇ ਗਏ ਹਨ। ਅਮਰਜੀਤ, ਹਲਬਰਵੀ, ਵਰਿਆਮ, ਭਗਵਾਨ ਆਦ ਮਿੱਤਰਾਂ ਨੇ ਸਿਰਜਣਾ ਨੂੰ ਅਪਣਾਉਂਦੀ ਕਿਸਮ ਦਾ ਜੋ ਸਹਿਯੋਗ ਪਿਛਲੇ ਅਰਸੇ ਵਿਚ ਦਿਤਾ ਹੈ, ਉਹ ਬੜਾ ਭੁਲੇਖੇ ਪਾਊ ਉਲਾਰ ਸਾਬਤ ਹੋਇਆ ਹੈ। ਇਸ ਪਿੱਛੇ ਦੋ ਗੱਲਾਂ ਦਾ ਹੱਥ ਸੀ। ਆਪਣੇ ਮੁਹਾਜ ਦੀ ਅਸਥਿਰਤਾ—ਪਲੇਟ ਫਾਰਮ ਦੀ ਅਣਹੋਂਦ ਅਤੇ ਚੰਡੀਗੜ੍ਹੀ ਵਿਦਵਤਾ ਤੋਂ ਚਕਾਚੌਂਧ। ਕੁਝ ਕੁ ਸਮਾਂ ਚੰਡੀਗੜ੍ਹ ਵਿਚ ਇਕੱਠਿਆਂ ਗੁਜ਼ਾਰਦਿਆਂ ਆਪਣੇ ਇਹ ਮਿੱਤਰ ਇਕ ਅਜੀਬ ਕਿਸਮ ਦੇ "ਨਿਰਪੱਖ" ਅਤੇ "ਸਰਵ ਸਾਂਝੀ" ਕਿਸਮ ਦੇ ਸਾਹਿਤਕ ਦ੍ਰਿਸ਼ਟੀਕੋਣ ਦੇ ਸ਼ਿਕਾਰ ਹੁੰਦੇ ਜਾਪਦੇ ਸਨ। ਸਮਤਾ ਰਾਹੀਂ ਜੋ ਤੁਸਾਂ ਦੁਬਾਰਾ ਪੈਰ ਬੰਨਣ ਦੇ ਯਤਨ ਆਰੰਭੇ ਹਨ—ਪੰਜਾਬੀ ਸਾਹਿਤ ਅਤੇ ਹੱਕੀ ਸੰਘਰਸ਼ ਤੁਹਾਡਾ ਧੰਨਵਾਦੀ ਰਹੇਗਾ। ਮੈਂ ਸ਼ਰਮਿੰਦਾ ਹਾਂ ਕਿ ਅੰਤਾਂ ਦੀ ਤੇਜ਼ ਉਤਾਵਲ ਦੇ ਬਾਵਜੂਦ ਵੀ ਸਮਤਾ ਲਈ ਕੋਈ ਰਚਨਾਤਮਕ ਸਹਿਯੋਗ ਨਹੀਂ ਦੇ ਸਕਿਆ ਹਾਂ। ਅਗਲੇ ਅੰਕ ਤੀਕ ਜ਼ਰੂਰ ਕੁੱਝ ਕਰਾਂਗਾ।

(ਪਾਸ਼)

## ਇਕ ਝਲਕੀ/ਪਾਸ਼

—ਭਾਈ ਸਾਹਬ, ਕੀ ਇਹ ਸੱਚ ਏ ਕਿ ਦੋ ਦੂਣੀ ਚਾਰ ਹੁੰਦੇ ਨੇ ?

—ਨਿਰਾ ਸੱਚ ਏ।

—ਕੀ ਤੁਹਾਨੂੰ ਪੂਰਾ ਯਕੀਨ ਹੈ ਜਾਂ......

—ਤੇ ਹੋਰ ਭਲਾ ਮੈਂ ਦੁਬਿਧਾ 'ਚ ਹਾਂ ?

—ਸੋ ਤੁਸੀਂ ਦਾਅਵੇ ਨਾਲ ਕਹਿ ਸਕਦੇ ਓ ਕਿ ਦੋ ਦੂਣੀ ਚਾਰ ਹੁੰਦੇ ਨੇ।

—ਬਿਲਕੁਲ! ਮੈਂ ਇਸ ਗੱਲ ਉਤੇ ਜਾਨ ਲੜਾ ਸਕਦਾ ਹਾਂ।

—ਤਾਂ ਜ਼ਰਾ ਮਿਹਰਬਾਨੀ ਕਰਕੇ ਇਹ ਗੱਲ ਇਕ ਕਾਗਜ਼ ਉਤੇ ਲਿਖ ਦਿਓ।

—ਕੀ ਮਤਲਬ ? ਉਹ ਕਿਵੇਂ...ਕੀ...।

—ਕਿ ਮੈਂ ਸਮਝਦਾ ਹਾਂ ਕਿ ਦੋ ਦੂਣੀ ਚਾਰ ਹੁੰਦੇ ਹਨ ਇਸਤੋਂ ਬਾਦ ਕਾਗਜ਼ ਉਤੇ ਆਪਣੇ ਦਸਖ਼ਤ ਕਰ ਦਿਓ। ਲਓ ਕਾਗਜ਼......।

—(ਸਸ਼ੋਪੰਜ ਵਿਚ ਪੈ ਕੇ) ਪ...ਪਰ ਤੁਹਾਨੂੰ ਇਸ ਦੀ ਕੀ ਲੋੜ ਪੈ ਗਈ ?

—ਵੈਸੇ ਹੀ। ਮੈਨੂੰ ਇਸ ਤਰਾਂ ਦੀਆਂ ਦਿਲਚਸਪ ਚੀਜ਼ਾਂ ਇਕੱਠੀਆਂ ਕਰਨ ਦਾ ਸ਼ੌਕ ਹੈ।

—(ਨਰਾਜ਼ਗੀ ਦੇ ਅੰਦਾਜ਼ ਵਿਚ) 'ਕੱਠੀਆਂ ਕਰਨ ਦਾ ਸ਼ੌਕ ਹੈ। ਇਹ ਕੋਈ ਸ਼ਰਾਫਤ ਹੈ ?

—ਪਰ ਤੁਸੀਂ ਝਿਜਕ ਕਿਉਂ ਰਹੇ ਹੋ ? ਦੋ ਦੂਣੀ ਚਾਰ ਹੋਣ ਨੂੰ ਤੁਸੀਂ ਸਹੀ ਤਾਂ ਮੰਨਦੇ ਹੋ।

—ਦੇਖੋ ਸਾਹਬ, ਮੈਂ ਲਿਖ ਕੇ ਦੇਣ ਵਿਚ ਕੋਈ ਤੁਕ ਨਹੀਂ ਸਮਝਦਾ। ਨਾਲੇ ਮੇਰੇ ਕੋਲ ਪੈੱਨ ਵੀ ਤਾਂ ਨਹੀਂ ਹੈ।

—ਐਹ ਮੇਰਾ ਲੈ ਲਵੋ। ਤੁਸੀਂ ਤਾਂ ਖਾਹ ਮੁਖਾਹ ਸੋਚੀਂ ਪੈ ਗਏ ਓ। ਲਓ, ਲਿਖ ਦਿਓ।

—(ਉਸ ਦਾ ਹੱਥ ਧੱਕਦੇ ਹੋਏ) ਐਵੇਂ ਨਾ ਜੀ ਕਿਸੇ ਰੱਫੜ ਵਿਚ ਪਾ ਦੇਣਾ। ਭਲਾ ਮੈਨੂੰ ਕੀ ਦੋ ਦੂਣੀ ਚਾਰ ਨਾਲ।

—ਹੁਣੇ ਤਾਂ ਤੁਸੀਂ ਕਹਿ ਰਹੇ ਸੀ ਕਿ ਤੁਹਾਨੂੰ ਦੋ ਦੂਣੀ ਚਾਰ ਹੋਣ ਵਿਚ ਪੂਰਾ ਯਕੀਨ ਹੈ ਤੇ ਤੁਸੀਂ ਇਸ ਸੱਚ ਲਈ ਜਾਣ ਤੱਕ ਲੜਾ ਸਕਦੇ ਹੋ।

—ਹਾਂ ਯਕੀਨ ਤਾਂ ਹੈ। ਪਰ ਲਿਖ ਕੇ ਕਿਉਂ ਦੇਵਾਂ ?

—ਕੋਈ ਗਲਤ ਗੱਲ ਤਾਂ ਨਹੀਂ ਲਿਖਣੀ ਤੁਸੀਂ ਜੋ ਇਸ ਤਰਾਂ ਹਿਚਕਿਚਾ ਰਹੇ ਹੋ।

—ਕੀ ਪਤਾ ਜੀ ਮੈਥੋਂ ਲਿਖਵਾ ਕੇ ਤੁਸੀਂ ਕਿਸ ਕਿਸ ਨੂੰ ਦਿਖਾਂਦੇ ਫਿਰੋ ਤੇ ਕੱਲ ਨੂੰ ਕੋਈ ਮੈਨੂੰ ਜ਼ਲੀਲ ਕਰੇ। ਨਾ ਜੀ ਨਾ—

—ਮੈਂ ਵਾਅਦਾ ਕਰਦਾ ਹਾਂ ਕਿ ਕਿਸੇ ਨੂੰ ਰੱਤੀ ਭਰਾ ਵੀ ਪਤਾ ਨਹੀਂ ਚੱਲੇਗਾ। ਤੁਹਾਡੀ ਸਟੇਟਮੈਂਟ ਮੈਂ ਘਰ ਜਾ ਕੇ ਜੰਦਰਾ ਮਾਰ ਕੇ ਸਾਂਭ ਦਿਆਂਗਾ।

—ਹਾਂਅ...ਤੇ ਜੇ ਕਿਸੇ ਨੇ ਤੁਹਾਡੇ ਘਰ ਦਾ ਜੰਦਰਾ ਕਦੀ ਖੋਹਲ ਲਿਆ ਤਾਂ ? ਫੇਰ ਤਾਂ ਮੈਂ ਅੱਛੀ ਖਾਸੀ ਮੁਸੀਬਤ ਵਿਚ ਪੈ ਜਾਵਾਂਗਾ।

—ਤਦ ਕੀ ਹੋਇਆ। ਕੀ ਤੁਹਾਨੂੰ ਇਸ ਤੇ ਪੂਰਾ ਯਕੀਨ ਕਿ ਦੋ ਦੂਣੀ ਹਮੇਸ਼ਾ ਚਾਰ ਹੀ ਹੁੰਦੇ ਨੇ ?

—ਮੈਨੂੰ ਪੱਕਾ ਯਕੀਨ ਹੈ-ਪਰ ਲਿਖ ਕੇ ਦੇਣਾ ਜ਼ਰਾ...

—ਹੱਦ ਹੋ ਗਈ। ਭਲਾ ਏਨਾ ਵੀ ਕੀ ਡਰ ਏ ?

—ਦੇਖੋ ਜੀ ਮੈਂ ਬਾਲ ਬੱਚੇਦਾਰ ਹਾਂ। ਅਤੇ ਮੈਂ ਕਦੀ ਰਾਜਨੀਤੀ ਵਿਚ ਹਿੱਸਾ ਨਹੀਂ ਲਿਆ ਪਰ ਇਸ ਦਾ ਰਾਜਨੀਤੀ ਨਾਲ ਕੀ ਸਬੰਧ ਹੈ ?

—ਇਹ ਤਾਂ ਮੈਨੂੰ ਨਹੀਂ ਪਤਾ। ਪਰ ਹੁਸ਼ਿਆਰ ਰਹਿਣਾ ਹੀ ਚੰਗਾ ਹੈ। ਮੈਂ ਦਸਖਤਾਂ ਨਾਲ ਸਟੇਟਮੈਂਟ ਦੇ ਕੇ ਹੱਥ ਕਿਉਂ ਵਢਾਵਾਂ ?

—ਕੀ ਤੁਸੀਂ ਇਸ ਜ਼ਰਾ ਜਿੰਨੀ ਸਚਾਈ ਤੋਂ ਵੀ ਖ਼ਤਰਾ ਸਮਝਦੇ ਹੋ ? ਲਿਖ ਦਿਓ ਨਾ ਭਾਈ ਸਾਹਬ।

—ਕਹਿ ਦਿਤਾ ਨਾ—ਨਹੀਂ ਲਿਖਾਂਗਾ, ਨਹੀਂ ਲਿਖਾਂ-ਗਾ, ਨਹੀਂ ਲਿਖਾਂਗਾ।

—ਅਛਾ, ਚਲੋ ਜੇ ਇਕ ਕਾਗਜ਼ ਉਤੇ ਮੈਂ ਵੀ ਤੁਹਾਨੂੰ ਇਹੀ ਲਿਖ ਕੇ ਦੇ ਦਿਆਂ, ਫੇਰ ਤਾਂ ਲਿਖ ਦਿਓਗੇ ਨਾ ?

—ਉਸ ਹਾਲਤ ਵਿਚ ਮੈਂ ਇਹ ਲਿਖ ਕੇ ਦੇ ਸਕਦਾ ਹਾਂ ਕਿ ਅੱਜ ਕੱਲ ਆਮ ਤੌਰ ਤੇ ਕਿਹਾ [illegible]

Registered with Registrar of News Paper Vide No MA/1/2397-D dated 14.8.80

## ਟੀ.ਵੀ. ਫਿਲਮ 'ਅੱਧ ਚਾਨਣੀ ਰਾਤ'

ਪੰਜਾਬ ਵਿਚ ਪੂਰੀਆਂ ਸਹੂਲਤਾਂ ਨਾ ਹੋਣ ਕਰਕੇ ਅੰਮ੍ਰਿਤਸਰ ਟੀ. ਵੀ. ਲਈ ਨਾਟਕ ਤੇ ਹੋਰ ਪ੍ਰੋਗਰਾਮ ਬਹੁਤ ਸਾਲ ਦਿੱਲੀ ਹੀ ਰੀਕਾਰਡ ਕੀਤੇ ਜਾਂਦੇ ਸਨ। ਉਹਨਾਂ ਦਿਨਾਂ ਵਿਚ ਇਹ ਆਮ ਸ਼ਕਾਇਤ ਕੀਤੀ ਜਾਂਦੀ ਸੀ ਕਿ ਪ੍ਰੋਗਰਾਮਾਂ ਵਿਚ ਪੰਜਾਬੀਅਤ ਦੀ ਝਲਕ ਨਹੀਂ ਮਿਲਦੀ। ਜਦੋਂ ਜਲੰਧਰ ਵਿਚ ਸਟੂਡੀਓ ਬਣ ਗਏ ਤਾਂ ਉਮੀਦ ਕੀਤੀ ਗਈ ਕਿ ਹੁਣ ਟੀ. ਵੀ. ਪੰਜਾਬੀ ਸਭਿਆਚਾਰ ਦਾ ਬਹੁਤਾ ਪ੍ਰਤੀਨਿਧ ਬਣੇਗਾ। ਭਾਵੇਂ ਇਹ ਉਮੀਦ ਮੁਕੰਮਲ ਤੌਰ ਤੇ ਪੂਰੀ ਨਹੀਂ ਹੋਈ, ਪਰ ਫੇਰ ਵੀ ਕਈ ਖੇਤਰਾਂ ਵਿਚ ਅਤੇ ਖਾਸ ਕਰਕੇ ਨਾਟਕ ਖੇਤਰ ਵਿਚ ਸਪਸ਼ਟ ਤਬਦੀਲੀ ਵੇਖਣ ਵਿਚ ਆਈ ਹੈ। ਗੁਰਚਰਨ ਸਿੰਘ ਚੰਨੀ ਵਲੋਂ 'ਪੇਕਿਆਂ ਵਾਲੀ ਸਹੁਰਿਆਂ ਵਾਲੀ' ਵਧੀਆ ਕਹਾਣੀ ਦੀ ਵਧੀਆ ਪੇਸ਼ਕਸ਼ ਸੀ। ਵੀਨਾ ਧੀਰ ਨੇ ਆਪਣੇ ਪਾਤਰ ਨਾਲ ਇਨਸਾਫ ਕਰਦੇ ਹੋਏ ਕਲਾ ਦੀਆਂ ਸਿਖਰਾਂ ਛੋਹੀਆਂ। ਸਾਡੇ ਸਮਾਜ ਦੀਆਂ ਬਦਲਦੀਆਂ ਕੀਮਤਾਂ, ਜਦੋਂ ਕਿ ਧੀ ਪਿਤਾ ਦੀ ਜਾਇਦਾਦ ਦੀ ਵਾਰਿਸ ਬਣਦੀ ਹੈ ਤਾਂ ਤਬਦੀਲੀ ਦੇ ਇਸ ਮੁੱਢਲੇ ਦੌਰ ਦਾ ਜੋ ਦੁਖਾਂਤ ਹੈ, ਉਹ ਇਸ ਵਿਚ ਪੂਰਾ ਵਿਖਾਇਆ ਗਿਆ ਹੈ। ਇਸੇ ਟੀਮ ਦੀ ਦੂਜੀ ਪੇਸ਼ਕਸ਼ 'ਬੀਬੀ ਜੀ' ਜੋ ਮੁਨਸ਼ੀ ਪ੍ਰੇਮ ਚੰਦ ਦੀ ਪ੍ਰਸਿਧ ਕਹਾਣੀ ਤੇ ਆਧਾਰਤ ਸੀ, ਉਸ ਬਾਰੇ ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਚੰਗੀ ਪੇਸ਼ਕਸ਼ ਸੀ ਜਾਂ ਵਿਸ਼ੇ ਨਾਲ ਪੂਰਾ ਇਨਸਾਫ਼ ਕਰਦੀ ਸੀ। ਪਰ ਪਿਛਲੇ ਮਹੀਨੇ ਦੇ ਪ੍ਰੋਗਰਾਮਾਂ ਵਿਚ ਜਿਹੜਾ ਪ੍ਰੋਗਰਾਮ ਸਾਰਿਆਂ ਨਾਲੋਂ ਵੱਧ ਚਰਚਾ ਦਾ ਕੇਂਦਰ ਬਣਿਆ, ਉਹ ਗੁਰਦਿਆਲ ਸਿੰਘ ਦੇ ਪ੍ਰਸਿਧ ਨਾਵਲ 'ਅੱਧ ਚਾਨਣੀ ਰਾਤ' ਤੇ ਅਧਾਰਤ ਟੀ. ਵੀ. ਫਿਲਮ ਸੀ, ਜੋ ਚਾਰ ਕਿਸ਼ਤਾਂ ਵਿਚ 13 ਦਸੰਬਰ ਤੋਂ ਲੈ ਕੇ 4 ਜਨਵਰੀ ਹਰ ਸ਼ੁਕਰਵਾਰ ਵਿਖਾਈ ਗਈ। ਅਜੀਤ ਸਿੰਘ ਅਰੋੜਾ ਨੇ ਇਹਦੀ ਸਕਰਿਪਟ ਤਿਆਰ ਕੀਤੀ ਅਤੇ ਹਰਜੀਤ ਸਿੰਘ ਨੇ ਇਸ ਨੂੰ ਪ੍ਰੋਡਿਊਸ ਕੀਤਾ।

ਇਸ ਟੀ. ਵੀ. ਫਿਲਮ ਬਾਰੇ ਵੱਖ ਵੱਖ ਰਾਵਾਂ ਹੋ ਸਕਦੀਆਂ ਹਨ, ਪਰ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪੰਜਾਬੀ ਜੀਵਨ ਦੇ ਇਕ ਪਹਿਲੂ ਨੂੰ ਸੁਹਿਰਦਤਾ ਨਾਲ ਪੇਸ਼ ਕਰਨਾ ਇਸ ਦੀ ਇਕ ਪ੍ਰਾਪਤੀ ਹੈ। ਇਸ ਦੇ ਨਾਲ ਇਹ ਵੀ ਕਹਿਣ ਵਿਚ ਕੋਈ ਝਿੱਜਕ ਨਹੀਂ ਕਿ ਇਹ ਟੀ. ਵੀ. ਫਿਲਮ ਤਕਨੀਕੀ ਤੌਰ ਤੇ ਬਹੁਤ ਕਮਜ਼ੋਰ ਸੀ। ਫਿਲਮ ਸਾਜ਼ੀ ਵਿਚ ਕੈਮਰਾ ਇਕ ਕਲਾ ਦੇ ਤੌਰ ਤੇ ਵਰਤਿਆ ਜਾਂਦਾ ਹੈ, ਜਿਹੜਾ ਵਿਸ਼ੇ ਨੂੰ ਡੂੰਘਿਆਈ ਦੇਂਦਾ ਹੈ। ਪਾਤਰਾਂ ਤੋਂ ਬਾਹਰ ਤਾਂ ਕੈਮਰੇ ਨੇ ਵਾਤਾਵਰਨ ਉਸਾਰਨ ਲਈ ਆਪਣੇ ਫੋਕਸ ਵਿਚ ਰੁੱਖ, ਟੁੱਟੀਆਂ ਕੰਧਾਂ, ਛੱਪੜ ਆਦਿਕ ਦੇ ਬੜੇ ਨੇੜੇ ਦੇ ਸ਼ਾਟ ਲਏ, ਪਰ ਜਦੋਂ ਜੀਂਦੇ ਪਾਤਰਾਂ ਦੀ ਵਾਰੀ ਆਂਦੀ ਸੀ ਤਾਂ ਇੰਝ ਲਗਦਾ ਸੀ ਕਿ ਕੈਮਰੇ ਨੂੰ ਵਿਸ਼ਵਾਸ਼ ਹੀ ਨਹੀਂ ਕਿ ਉਸ ਨੇ ਕੀ ਪਕੜਨਾ ਹੈ ਤੇ ਕੀ ਨਹੀਂ ਪਕੜਨਾ। ਦੂਸਰੀ ਕਿਸ਼ਤ ਤੋਂ ਬਾਅਦ ਦਾਨੀ ਨਾਵਲ ਦੇ ਨਾਇਕ ਮੋਦਨ ਦੀ ਜ਼ਿੰਦਗੀ ਵਿਚ ਸਾਰਿਆਂ ਨਾਲੋਂ ਵੱਧ ਮਹੱਤਤਾ ਦੀ ਪਾਤਰ ਹੈ, ਪਰ ਕਸਮ ਹੋਵੇ ਜੇ ਕੈਮਰੇ ਨੇ ਉਸ ਦੀ ਇਕ ਝਲਕ ਵੀ ਜਾਂ ਉਹਦੇ ਚਿਹਰੇ ਤੇ ਕੋਈ ਹਾਵ ਭਾਵ ਵਿਖਾਉਣ ਦੀ ਕੋਸ਼ਿਸ਼ ਵੀ ਕੀਤੀ ਹੋਵੇ। ਉਹਦੀ ਪਿੱਠ, ਉਹਦੇ ਹੱਥ, ਦੂਰੋਂ ਆਉਂਦੀ ਨੂੰ ਦਿਖਾਇਆ ਹੈ। ਸਿਖਰੀ ਸੀਨ ਵਿਚ ਵੀ ਮੋਦਨ ਦੀ ਮੌਤ ਦੇ ਬਾਅਦ ਜੇਕਰ ਦੁਖਾਂਤ ਸੀ ਤਾਂ ਉਹ ਦਾਨੀ ਦਾ ਸੀ। ਉਹਦੇ ਵੈਣ ਸਨ ਪਰ ਉਹਦਾ ਕਲੇਜ਼ ਆਪ ਕਿਉਂ ਨਹੀਂ ਸੀ ? ਇਹਦਾ ਕੋਈ ਜਵਾਬ ਨਹੀਂ।

ਨਾਵਲ ਪੜ੍ਹਦਿਆਂ ਵੀ ਇਹ ਮਹਿਸੂਸ ਹੁੰਦਾ ਸੀ ਕਿ ਪਿੰਡ ਦੇ ਭਾਈਚਾਰੇ ਵਿਚ ਮੋਦਨ ਇਕੱਲਾ ਦੁਕੱਲਾ ਬਸ ਇਕ ਯਾਰ ਰੁਲਦੂ ਦੇ ਸਹਾਰੇ ਜੀ ਰਿਹਾ ਹੈ। ਕੀ ਗੁਰਦਿਆਲ ਸਿੰਘ ਨੂੰ ਪਿੰਡ ਦਾ ਭਾਈਚਾਰਾ ਇਹੋ ਜਿਹਾ ਹੀ ਲਗਦਾ ਹੈ, ਜਿਸ ਵਿਚ ਇਕੱਲੇ ਦੁਕੱਲੇ ਵਿਅੱਕਤੀ ਗਿੱਲੀ ਲੱਕੜ ਵਾਂਗ ਧੁਖ ਰਹੇ ਹਨ ਤੇ ਜੇ ਕੋਈ ਅੱਗ ਹੈ ਤਾਂ ਉਹ ਸਿਰਫ ਖਲਨਾਇਕਾਂ ਵਿਚ ਹੀ ਹੈ ਜਿਹੜੇ ਜਦੋਂ ਮਰਜ਼ੀ ਆਵੇ ਦਾਰੂ ਪੀ ਕੇ ਬੜਕ ਮਾਰ ਸਕਦੇ ਨੇ, ਡਾਂਗ ਮਾਰ ਕੇ ਵੈਰੀ ਦਾ ਨਾਸ਼ ਕਰ ਸਕਦੇ ਨੇ ਜਾਂ ਸਾਜ਼ਸ਼ਾਂ ਕਰਕੇ ਆਪਣੇ ਮੰਤਵ ਪੂਰੇ ਕਰ ਸਕਦੇ ਹਨ। ਕੀ ਸਾਊ ਮੂਰਖ ਹੁੰਦੇ ਹਨ ? 'ਮੜ੍ਹੀ ਦਾ ਦੀਵਾ' ਵਿਚ ਜਗਸੀਰ ਸੀ, ਇਥੇ ਮੋਦਨ ਏ। ਉਥੇ ਉਹਦਾ ਇਕੋ ਯਾਰ ਰੌਣਕੀ ਸੀ, ਇਥੇ ਇਕੋ ਯਾਰ ਰੁਲਦੂ ਏ। ਪੜ੍ਹਣ ਵਿਚ ਜਿਹੜੀ ਚੀਜ਼ ਖਟਕਦੀ ਸੀ, ਉਹ ਟੀ. ਵੀ. ਵਰਗੇ ਵੀਡੀਓ ਮਧਿਅਮ ਵਿਚ ਇਕ ਵੱਡਾ ਨੁਕਸ ਬਣ ਕੇ ਸਾਹਮਣੇ ਆਈ ਹੈ। ਗੁਰਦਿਆਲ ਸਿੰਘ ਦੀ ਪੇਂਡੂ ਜ਼ਿੰਦਗੀ ਦਾ ਯਥਾਰਥ ਇਕ ਪਾਸੜਾ ਹੈ, ਪੇਂਡੂ ਭਾਈਚਾਰੇ ਵਿਚ ਸਿਰਫ ਸੁਆਰਥੀ, ਮਤਲਬੀ, ਗਾਲੜੀ, ਦੋਗਲੇ ਤੇ ਮੂਰਖ ਬੰਦੇ ਹੀ ਨਹੀਂ ਵਸਦੇ। ਇਹ ਟੀ. ਵੀ. ਫਿਲਮ ਕਿਉਂਕਿ ਇਕ ਪਿੰਡ ਵਿਚ ਫਿਲਮਾਈ ਗਈ ਹੈ, ਪ੍ਰੋਡਿਊਸਰ ਸਕਰਿਪਟ ਵਿਚ ਥੋੜ੍ਹੀ ਬਹੁਤ ਸੋਧ ਕਰਕੇ ਪਿੰਡ ਦੀ ਜ਼ਿੰਦਗੀ ਦਾ ਮਾਹੌਲ ਹੋਰ ਚੰਗੀ ਤਰ੍ਹਾਂ ਫੜ ਸਕਦਾ ਸੀ।

ਪੰਜਾਬੀ ਸਾਹਿਤ ਦੇ ਕਲਾਸਕੀ ਪੱਧਰ ਦੇ ਨਾਵਲ ਅਤੇ ਕਹਾਣੀਆਂ ਉਤੇ ਟੀ. ਵੀ. ਫਿਲਮਾਂ ਬਣਨੀਆਂ ਇਹ ਬੜੀ ਹੀ ਚੰਗੀ ਸ਼ੁਰੂਆਤ ਹੈ। ਆਸ ਕੀਤੀ ਜਾਂਦੀ ਹੈ ਕਿ ਥੋੜੇ ਤਜ਼ਰਬੇ ਨਾਲ ਇਹਦੀਆਂ ਤਕਨੀਕੀ ਕਮਜ਼ੋਰੀਆਂ ਵੀ ਜ਼ਰੂਰ ਦੂਰ ਹੋ ਜਾਣਗੀਆਂ। ਤਕਨੀਕ ਸਿਰਫ ਕੈਮਰੇ ਜਾਂ ਪ੍ਰੋਡਕਸ਼ਨ ਦੀਆਂ ਬੇਲੋੜੀਆਂ ਕਲਾਬਾਜ਼ੀਆਂ ਨਹੀਂ, ਸਗੋਂ ਇਮਾਨਦਾਰੀ ਨਾਲ ਵਿਸ਼ੇ ਦੀ ਪਕੜ ਅਤੇ ਸੁਹਿਰਦਤਾ ਨਾਲ ਉਹਦਾ ਨਿਭਾ ਹੈ। —ਗ.ਸ.